# ਕਥਿੱਤ-ਦਸਮ ਗ੍ਰੰਥ ।

# ਸਿਖਾਂ ਲਈ ਕੀ, . . . ਇਕ ਮਹਾਂ ਭੰਬਲਭੂਸਾ ਹੈ?!

**ਅਤੇ**

# Q : ਕੌਣ ਹੈ, . . . ਇਸ ਕਥਿੱਤ-ਦਸਮ ਗ੍ਰੰਥ ਦਾ

# ਇਸ਼ਟ ?



**ਯਾ** ੴ

**ਦੇਵੀ ਦੁਰਗਾ + ਸ਼ਿਵ ? ਯਾ ੴ ?**

**ਅਤੇ**

**ਕੀ ਇਸ ਦੇ ਕਰਤਾ, . . . ਗੁਰੂ ਗੋਬਿੰਦ ਸਿੰਘ ਸਾਹਿਬ ਹਨ ?**

**ਪੜ੍ਹ ਕੇ, . . . ਤੁਸੀ ਕਰੋ, ਫੈਸਲਾ ।**

ਕਿਰਪਾਲ ਸਿੰਘ ਨਿਝੱਰ, ਯੂ ਐਸ ਏ

ਮਨੁਖੀ ਜੀਵਨ ਦੌੜ ਦੀ ਇਹ ਇਕ ਆਟੱਲ ਸਚਾਈ ਹੈ, ਕਿ ਜੀਵਨ ਨੂੰ ਸਹੀ ਸੇਧ ਦੇਣ ਲਈ ਜੋ ਵੀ ਕੋਈ ਸਾਡੇ ਵਿਚੋਂ ਠੀਕ ਸਮੇ ਤੇ ਕਿਸੇ ਠੀਕ ਬੰਦੇ (ਗੁਰੂ) ਦੀ ਸਲਾਹ ਲੈ ਲੈਂਦਾ ਹੈ । ਤਾਂ, ਉਸ ਦਾ ਜੀਵਨ ਠੀਕ ਚਲਦਾ ਰਹਿੰਦਾ ਹੈ, ਨਹੀਂ ਤਾਂ ਸਭ ਕੁਝ ਉਲਟ ਪੁਲਟ ਹੋ ਜਾਂਦਾ ਹੈ । ਅਤੇ ਦੂਸਰੀ ਗਲ ਇਹ ਹੈ, ਕਿ ਇਸ ਜੀਵਨ ਦੌੜ ਵਿਚ, ਸਾਡੇ ਵਿਚੋਂ ਹਰ ਇਕ ਨੂੰ ਕਿਸੇ ਨ ਕਿਸੇ ਵੇਲੇ, ਕਿਸੇ ਨਾ ਕਿਸੇ ਅਫਸਰ ਯਾ ਸਾਹਿਬ ਨਾਲ ਕਿਤੇ ਨ ਕਿਤੇ ਵਾਹ ਤਾਂ ਪੈਂਦਾ ਹੀ ਪੈਂਦਾ ਹੈ । ਅਤੇ ਇਸ ਤਰਾਂ ਦੇ ਵਾਹਾਂ ਦੇ ਨਾਲ ਨਜਿਠੱਣ ਲਈ ਜਿਹੜਾ ਤਾਂ ਸਾਡੇ ਵਿਚੋਂ ਕਿਸੇ ਠੀਕ ਬੰਦੇ ਦੀ ਚੰਗੀ ਸਲਾਹ ਲੈ ਕੇ ਆਪਣੀ ਅਰਦਾਸ, ਬੇਨਤੀ, ਅਤੇ ਪਹੁੰਚ, ਵਗੈਰਾ ਠੀਕ ਅਫਸਰ/ਸਾਹਿਬ ਕੋਲ ਕਰ ਲੈਂਦਾ ਹੈ । ਤੇ, ਕੰਮ ਹੋ ਜਾਣ ਤੋਂ ਬਾਦ ਧੰਨਵਾਦ ਵੀ ਉਸੇ ਸਾਹਿਬ ਦਾ ਹੀ ਕਰਦਾ ਹੈ । ਤਾਂ ਉਸ ਦਾ ਸਭ ਕੁਝ ਠੀਕ ਠਾਕ ਹੋ ਜਾਂਦਾ ਹੈ ।

ਪਰ ਦੂਸਰੇ ਪਾਸੇ ਜੇ ਕੋਈ ਕਿਸੇ ਦੀ ਮਾੜੀ ਸਲਾਹ ਲੈ ਕੇ, ਠੀਕ ਅਫਸਰ ਯਾ ਸਾਹਿਬ ਦੇ ਥਾਂ ਕਿਸੇ ਚਪੜਾਸੀ ਦੀ ਘੁੰਮਣਘੇਰੀ ਵਿਚ ਫਸ ਜਾਂਦਾ ਹੈ । ਤਾਂ ਉਸ ਨੂੰ ਘੋਰ ਨਿਰਾਸ਼ਤਾ ਤੇ ਬੇਮਤਲਵੀਆਂ ਵਢੀਆਂ ਬਗੈਰਾ ਦੇਣ ਤੋਂ ਛੁਟ ਹੋਰ ਕੁਝ ਵੀ ਹਥ ਪਲੇ ਨਹੀਂ ਪੈਂਦਾ । ਇਸ ਵਿਚ ਦਿਲਚਸਪ ਗਲ ਇਹ ਹੈ ਕਿ ਕੁਝ ਇਸੇ ਤਰਾਂ ਦੀ ਹੀ ਹੈ, ਹਰ ਬੰਦੇ ਦੀ ਅਧਿਆਤਮਕ ਜੀਵਨ ਦੀ ਖੇਡ ਵੀ । ਆਉ, ਇਸ ਦੇ ਮਦੇਨਜ਼ਰ ਅਜਕਲ ਦੀਆਂ ਸਿੱਖ ਪਰੰਪਰਾਂ, ਜਿਨਾਂ ਦਾ ਕਿ ਅਸਲੀ ਮੰਤਵ ਸਿੱਖਾਂ ਨੂੰ ਜੀਵਨ ਸੇਧ ਬਖਸ਼ਣਾਂ ਹੈ । ਉਨਾਂ ਉਪਰ ਇਕ ਨਿਕੀ ਜਹੀ ਝਾਤ ਮਾਰੀਏ ।

ਇਹ ਗਲ ਦਸਣ ਦੀ ਲੋੜ ਨਹੀਂ ਕਿ ਸਿੱਖ ਜੀਵਨ ਜਾਂਚ ਦੇ ਮੋਢੀ ਗੁਰੂ ਨਾਨਕ ਸਾਹਿਬ ਨੇ, ਸਾਰੀ ਲੋਕਾਈ ਨੂੰ ਜੀਵਨ ਸੇਧ ਦੇਣ ਲਈ, ਸਾਰੇ ਛੋਟੇ ਮੋਟੇ ਸਾਹਿਬ ਤੇ ਸਾਹਬਣੀਆਂ ਨੂੰ ਛਡ ਕੇ, ਸਭ ਤੋਂ ਵਡੇ ਅਤੇ ਸਾਰਿਆਂ ਦੇ ਸਾਹਿਬ **"ੴ"** ਦੇ ਲੜ ਲਗਣ ਦਾ ਸੁਨੇਹਾ ਦਿਤਾ । ਅਤੇ ਆਪਣੇ ਅਗਲੇ ਨੌਂ ਜਾਮਿਆਂ ਦੇ ਰਾਹੀ ਇਹ ਜੀਵਨ ਪ੍ਰਤੱਖ ਰੂਪ ਵਿਚ ਜੀਅ ਕੇ ਦਿਖਾਲਿਆ ।

ਅਤੇ ਨਾਲ ਹੀ ਇਸ ਤਰਾਂ ਦੇ ਜੀਵਨ ਜੀਣ ਬਾਰੇ ਸੋਧ ਅਤੇ ਸਾਰਾ ਗੁਰੁ ਸੁਨੇਹਾ ਸਿਖ ਗੁਰੂ ਸਾਹਿਬਾਨ ਨੇ **"ਗੁਰੂ ਗ੍ਰੰਥ ਸਾਹਿਬ"** ਦੇ ਨਾਮ ਹੇਠ ਕਲਮ ਬੰਦ ਕਰਕੇ ਸਾਰੀ ਲੋਕਾਈ ਨੂੰ ਤੋਹੱਫੇ ਦੇ ਤੌਰ ਤੇ ਦਿਤਾ।

ਇਸ ਵਡਮੁਲੇ ਤੋਹੱਫੇ ਵਿਚ ਸਤਿਗੁਰ ਵਲੋਂ ਬਖਸ਼ਿਆ ਅਧਿਆਤਮਕ ਜੀਵਨ ਦਾ ਉਹ ਗਾਡੀ ਰਾਹ ਹੈ, ਜਿਸ ਦੀ **ਬਾਣੀ** ਬਾਰੇ, ਆਪਣੇ ਸਿਖਾਂ ਨੂੰ, ਇਸ ਦੀ ਖਾਸ ਵਿਸ਼ੇਸ਼ਤਾ ਸਮਝਾਉਣ ਲਈ, ਅਤੇ ਇਸ ਤੋਂ ਬਾਹਰ ਵਾਲੇ ਸੋਮਿਆਂ ਤੋਂ ਸੁਚੇਤ ਰਹਿਣ ਬਾਰੇ ਖਾਸ ਹਿਦਾਇਤਾਂ ਦਿਤੀਆਂ। ਜਿਨਾਂ ਵਿਚ ਪਹਿਲਾਂ ਤਾਂ ਤੀਸਰੇ ਗੁਰੂ, ਅਮਰਦਾਸ ਸਾਹਿਬ ਨੇ ਹੇਠ ਲਿਖੀ ਹਿਦਾਇਤ ਦਿਤੀ, ਕਿ

> **"ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ ॥ ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥ ਕਹਦੇ ਕਚੇ ਸੁਣਦੇ ਕਚੇ ਕਚੀਂ ਆਖਿ ਵਖਾਣੀ ॥ ਹਰਿ ਹਰਿ ਨਿਤ ਕਰਹਿ ਰਸਨਾ ਕਹਿਆ ਕਛੂ ਨ ਜਾਣੀ ॥ ਚਿਤੁ ਜਿਨ ਕਾ ਹਿਰਿ ਲਇਆ ਮਾਇਆ ਬੋਲਨਿ ਪਏ ਰਵਾਣੀ ॥ ਕਹੈ ਨਾਨਕੁ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥੨੪॥ {ਸਗਗਸ ਪੰਨਾ 920}"**

ਅਤੇ ਉਸ ਤੋਂ ਬਾਦ, ਦਸਵੇਂ ਗੁਰੂ, ਗੋਬਿੰਦ ਸਿੰਘ ਸਾਹਿਬ ਨੇ, ਆਪਣੇ ਸਿੱਖਾਂ ਨੂੰ, ਆਲੇ ਦੁਆਲੇ ਦੀਆਂ ਬੇਮਤਲਬੀਆਂ ਲਿਖਤਾਂ ਤੋਂ ਸੁਚੇਤ ਅਤੇ ਬਚ ਕੇ ਰਹਿਣ ਲਈ, ਖਾਸ ਕਰਕੇ **"ਗੁਰੂ ਗ੍ਰੰਥ ਸਾਹਿਬ"** ਦੀ ਬਾਣੀ ਦਾ ਪੱਲਾ ਬਹੁਤ ਹੀ ਘੁਟ ਕੇ ਫੜ ਰਖਣ ਦੇ ਨਮਿਤ ਹੇਠ ਲਿਖੀ ਹਿਦਾਇਤ ਦਿਤੀ, ਕਿ **"ਸਭ ਸਿਖਨ ਕੋ ਹੁਕਮ ਹੈ। ਗੁਰੂ ਮਾਨਿਓ ਗ੍ਰੰਥ ॥"**

ਮਤਲਬ ਕਿ ਮੇਰੇ ਸਿੱਖੋ, ਤੁਹਾਨੂੰ ਮੇਰਾ ਇਹ ਹੁਕਮ ਹੈ। ਕਿ ਤੁਸੀ ਸਿਰਫ, ਅਤੇ ਸਿਰਫ ਗੁਰੂ ਗ੍ਰੰਥ ਸਾਹਿਬ ਨੂੰ ਹੀ ਆਪਣੇ ਅਧਿਆਤਮਕ ਜੀਵਨ ਦੇ ਗਾਡੀ ਰਾਹ ਦੇ ਨਾਇਕ ਮਨਣਾ ਹੈ। ਅਤੇ ਕਿਤੇ ਭੁਲ ਕੇ ਵੀ ਕਿਸੇ ਸ਼ਰੀਕੀ ਝਾਂਸੇ ਨਾਲ ਸਿਰਜੇ ਗਏ ਕਿਸੇ ਹੋਰ ਗ੍ਰੰਥ ਯਾ ਲਿਖਤ ਦੇ ਸ਼ਿਕੰਜੇ ਯਾ ਝਾਂਸੇ ਵਿਚ ਨਹੀਂ ਫਸਣਾ। ਅਤੇ ਸਤਿਗੁਰੂ ਵਲੋਂ ਬਖਸ਼ਿਓ ਰਾਹ ਤੋਂ ਉਖੜਨ ਦੀ ਗਲਤੀ ਕਦੀ ਵੀ ਨਹੀਂ ਕਰਨੀ।

ਸੋ ਇਹ ਦੇਖਣ ਲਈ ਕਿ 'ਕੀ ਸਿੱਖਾਂ ਨੇ ਉਹ ਹੀ ਕੀਤਾ ? ਯਾ ਕਰ ਰਹੇ ਹਨ, ਜੋ ਕਿ ਗੁਰੂ ਸਾਹਿਬ ਨੇ ਕਰਨ ਲਈ ਕਿਹਾ ਸੀ। ਯਾ ਆਪਣੀ ਹੀ ਮਨਮੱਤ ਨੂੰ ਪਠੇ ਪੌਣ ਦੀ ਬਿਰਤੀ ਥਲੇ, ਸਿੱਖ, ਆਪਣਾ ਅਸਲੀ ਸਿੱਖ ਗਾਡੀ ਰਾਹ ਛਡ ਕੇ, ਆਪਣੀ ਗਡੀ ਕਿਸੇ ਹੋਰ ਲਾਈਨ ਤੇ ਤਾਂ ਨਹੀਂ ਚਾਹੱੜ ਬੈਠੇ?' ਆਉ, ਇਸ ਗਲ ਨੂੰ ਘੋਖਣ ਲਈ ਅਜਕਲ ਦੀ ਪ੍ਰਚੱਲਤ ਸਿੱਖ ਰਹਿਤ ਮਰਯਾਦਾ ਤੇ ਛੋਟੀ ਜਹੀ ਝਾਤ ਮਾਰੀਏ।

ਇਸ ਵਿਚ ਕੋਈ ਸ਼ਕ ਨਹੀਂ ਕਿ ਅਜ ਦੀ **ਪ੍ਰਚੱਲਤ ਸਿੱਖ ਰਹਿਤ ਮਰਯਾਦਾ ਵਿਚ** "ਪੰਚਾ ਦਾ ਕਿਹਾ ਸਿਰ ਮਥੇ ਤੇ" ਦੇ ਅਖਾਣ ਮੁਤਾਬਿਕ ਗੁਰੂ ਸਾਹਿਬਾਨ ਦੇ **"੧ਓੰ" ਦਾ ਸੁਨੇਹਾ ਦੇਣ ਵਾਲੇ ਗੁਰੂ ਮਾਨਿਓ ਗ੍ਰੰਥ** ਦੇ ਹੁਕਮ ਤੇ ਬਨੌਟੀ ਜਹੇ ਫੁਲ ਚ੍ਹਾੜਦੇ ਹੋਏ ਇਹ ਸ਼ਬਦ ਤਾਂ ਜ਼ਰੂਰ ਲਿਖੇ ਹੋਇ ਮਿਲਦੇ ਹਨ; ਕਿ ਕਿਸੇ ਵੀ ਗੁਰਦਵਾਰਾ ਵਿਚ, "ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਾਕਰ (ਤੁਲ) ਕਿਸੇ ਪੁਸਤਕ ਨੂੰ ਅਸਥਾਪਨ ਨਹੀਂ ਕਰਨਾ।. . ." ਪਰ ਜਿਸ ਵੇਲੇ ਗੁਰੂ ਸਾਹਿਬਾਨ ਦੇ ਹੁਕਮ ਮੁਤਾਬਿਕ ਦਸੇ ਸਾਰਿਆਂ ਦੇ ਸਾਹਿਬ **"੧ਓੰ"** ਦੀ ਸਰਬ-ਉਚਤਾ ਦੇ ਪਾਲਣ ਦੀ ਅਸਲੀਅਤ ਦੀ ਗਲ ਸਮਝ ਆਉਂਦੀ ਹੈ। ਤਾਂ ਪਤਾ ਲਗਦਾ ਹੈ। ਕਿ ਅਸਲੀਅਰ ਤਾਂ ਕੁਝ ਹੋਰ ਦੀ ਹੋਰ ਹੀ ਹੈ। ਜਿਸ ਅਸਲੀਅਤ ਮੁਤਾਬਿਕ, **"੧ਓੰ"** ਦੀ ਸਰਬ-ਉਚਤਾ ਦਾ ਅਸਲੀ ਅਸਥਾਨ ਤਾਂ ਕਈ ਹੋਰ ਗ੍ਰੰਥਾਂ ਦੇ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਪ੍ਰਕਾਸ਼ ਅਤੇ ਰਚਨਾਵਾਂ ਰਾਹੀ, ਕੋਈ ਹੋਰ ਹੀ ਕਾਗਜ਼ੀ ਦੇਵੀ ਮਲੀ ਬੈਠੀ ਦਿਸਦੀ ਹੈ। ਜਿਸ ਤਰਾਂ ਦੀਆਂ ਦੇਵੀਆਂ ਅਗੇ ਮਥੇ ਰਗੜਨ ਵਾਲਿਆਂ ਬਾਰੇ **ਗੁਰੂ ਗ੍ਰੰਥ** ਸਾਹਿਬ ਦਾ ਹੁਕਮ ਹੈ। ਕਿ **"ਠਾਕੁਰੁ ਛੋਡਿ ਦਾਸੀ ਕਉ ਸਿਮਰਹਿ ਮਨਮਖੁ ਅੰਧ ਅਗਿਆਨਾ ॥ ਹਰਿ ਕੀ ਭਗਤਿ ਕਰਹਿ ਤਿਨ ਨਿੰਦਹਿ ਨਿਗੁਰੇ ਪਸੂ ਸਮਾਨਾ ॥੨॥ (ਸਗਗਸ ਪੰਨਾ ੧੧੩੮)"**

ਇਸ ਤਰਾਂ ਲਗਦਾ ਹੈ, ਕਿ ਅਜ ਦਾ ਸਿੱਖ ਜਗਤ ਇਸ ਦੀ ਪਰਚੱਲਤ "ਸਿੱਖ ਰਹਿਤ ਮਰਯਾਦਾ" ਮੁਤਾਬਿਕ, ਗੱਲ ਗੱਲ ਤੇ ਸਿੱਖ ਗੁਰੂ ਸਾਹਿਬਾਨ ਦੇ ਦਸੇ ਹੋਏ ਸਾਰਿਆਂ ਤੋਂ ਵਡੇ ਠਾਕਰ **"੧ਓੰ"** ਨੂੰ ਲਾਂਭੇ ਕਰਕੇ ਇਕ **ਦਾਸੀ ਦੇ ਸਿਮਰਨਿ** ਤੇ ਹੀ ਲਗਾ ਹੋਇਆ ਹੈ। ਚਾਹੇ ਉਸ ਨੇ ਕਰਨੀ ਹੋਵੇ ਪਹੁੰਚ, ਚਾਹੇ ਅਰਦਾਸ, ਚਾਹੇ ਬੇਨਤੀ ਯਾ ਧਨਵਾਦ। ਸੁਣਨ ਨੂੰ ਇਹ ਗਲ ਬੜੀ ਅਜੀਬ ਤੇ ਨ ਯਕੀਨਨ ਲਗਦੀ ਹੈ। ਕਿ ਉਹ ਸਿੱਖ, ਜਿਹੜਾ ਆਪਣੇ ਆਪ ਨੂੰ ਦੁਨੀਆ ਦੇ ਸਾਰਿਆ ਤੋਂ ਮੌਡਰਨ (modern) ਧਰਮ ਵਿਚ ਯਕੀਨ ਰਖਣ ਵਾਲਾ ਹੋਣ ਦਾ ਦਾਅਵਾ ਕਰਦਾ ਹੈ। ਕਿ, ਕੀ ਉਸ ਬਾਰੇ ਇਹ ਸਚ ਹੈ ? ਕਿ ਕੋਈ ਉਸ ਨੂੰ ਗੁਮਰਾਹ ਕਰਕੇ ਐਨੇ ਚਕਰ 'ਚ ਪਾ ਗਿਆ। ਕਿ ਉਸ ਨੂੰ ਇਹ ਵੀ ਨਹੀਂ ਪਤਾ ਲਗਦਾ ਕਿ ਉਹ ਕਿਸ ਅਗੇ ਨੱਕ ਰਗੜਦਾ ਫਿਰਦਾ ਹੈ।

ਇਸ ਲਈ, ਇਹ ਗਲਤ ਥਾਹਾਂ ਤੇ ਸਿੱਖਾਂ ਦੇ ਨਕ ਰਗੜਨ ਦੇ ਪ੍ਰਚੱਲਤ ਮਸਲੇ ਨੂੰ ਡੂੰਘਾਈ ਨਾਲ ਘੋਖਣ ਲਈ, ਆਉ, ਆਪਾਂ ਜ਼ਰਾ ਅਜ ਕਲ ਦੀ ਪੰਥ ਪ੍ਰਵਾਨਤ "ਸਿਖ ਰਹਿਤ ਮਰਯਾਦਾ" ਤੇ ਝਾਤ ਮਾਰੀਏ।

ਇਸ ਗਲ ਦਾ ਤਕਰੀਬਨ ਸਾਨੂੰ ਬਹੁਤਿਆਂ ਨੂੰ ਪਤਾ ਹੈ ਕਿ ਹਰ ਸਿੱਖ ਦੀ ਅਧਿਆਤਮਕ ਸੇਧ ਲਈ, ਵਰਤਮਾਨ "ਸਿੱਖ ਰਹਿਤ ਮਰਯਾਦਾ" ਹੇਠ ਲਿਖੀਆਂ ਰਚਨਾਵਾਂ ਦੇ ਨਿਤਨੇਮ ਦੀ ਹਿਦਾਇਤ ਕਰਦੀ ਹੈ।

੧) ਅਰਦਾਸ ਲਈ : ਵਾਰ ਸ੍ਰੀ ਭਗੌਤੀ ਜੀ ਕੀ।
੨) ਸਵੇਰ ਵੇਲੇ : ਜਪੁ, ਜਾਪੁ ਅਤੇ ੧੦ ਸਵਯੇ।
੩) ਸ਼ਾਮ ਵੇਲੇ: ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਨੌਂ ਸ਼ਬਦ ('ਸੋ ਦਰੁ' ਤੋਂ ਲੈ ਕੇ ਸਰਣਿ ਪਰੇ ਕੀ ਰਾਖਹੁ ਸਰਮਾ ਤਕ) :
ਬੇਨਤੀ ਚੌਪਈ ਪਾਤਸ਼ਾਹੀ ੧੦ ('ਹਮਰੀ ਕਰੋ ਹਾਥ ਦੇ ਰਛਾ' ਤੋਂ ਲੈ ਕੇ 'ਦੁਸ਼ਟ ਦੋਖ ਤੇ ਲੇਹੁ ਬਚਾਈ' ਤਕ)
ਸਵੈਯਾ: ('ਪਾਇੰ ਗਹੇ ਜਬ ਤੇ ਤੁਮਰੇ') ਅਤੇ ਦੁਹਰਾ ('ਸਗਲ ਦੁਆਰ ਕਉ ਛਾਡਿ ਕੈ')
ਅਨੰਦ ਸਾਹਿਬ ਦੀਆਂ ਪਹਿਲੀਆਂ ਪੰਜ ਪਉੜੀਆਂ, ਅਤੇ ਅੰਤਲੀ ਇਕ ਪਉੜੀ,
ਮੁੰਦਾਵਣੀ ਅਤੇ ਸਲੋਕ ਮ: ੫ 'ਤੇਰਾ ਕੀਤਾ ਜਾਤੋ ਨਾਹੀਂ'
੪) ਰਾਤ ਵੇਲੇ: ਸੋਹਿਲਾ

## ਸਮੱਸਿਆ; ਵਰਤਮਾਨ ਮਰਯਾਦਾ ਵਿਚ:

ਉਪਰ ਦਿਤੇ ਨਿਤਨੇਮ ਦੇ ਖਰੜੇ ਤੇ ਸਰਸਰੀ ਨਿਗਾ ਮਾਰਨ ਤੋਂ ਹੀ ਇਹ ਪਤਾ ਲਗਦਾ ਹੈ, ਕਿ ਇਸ ਵਿਚ, ਗੁਰੂ ਸਾਹਿਬ ਦੇ 'ਗੁਰੂ ਮਾਨਿਓ ਗ੍ਰੰਥ' ਦੇ ਹੁਕਮ ਦੇ ਬਿਪਰੀਤ, ਹੇਠ ਲਿਖੀਆਂ ਰਚਨਾਵਾਂ ਗੁਰੂ ਗ੍ਰੰਥ ਸਾਹਿਬ ਵਿਚੋਂ ਨਹੀ ਹਨ।

੧) ਅਰਦਾਸ : ਵਾਰ ਸ੍ਰੀ ਭਗੌਤੀ ਜੀ ਕੀ।
੨) ਸਵੇਰ ਵੇਲੇ : ਜਾਪੁ ਅਤੇ ੧੦ ਸਵਯੇ।
੩) ਸ਼ਾਮ ਵੇਲੇ: ਬੇਨਤੀ ਚੌਪਈ ਪਾਤਸ਼ਾਹੀ ੧੦ ('ਹਮਰੀ ਕਰੋ ਹਾਥ ਦੇ ਰਛਾ' ਤੋਂ ਲੈ ਕੇ 'ਦੁਸ਼ਟ ਦੋਖ ਤੇ ਲੇਹੁ ਬਚਾਈ' ਤਕ)
ਸਵੈਯਾ: ('ਪਾਇੰ ਗਹੇ ਜਬ ਤੇ ਤੁਮਰੇ') ਅਤੇ ਦੁਹਰਾ ('ਸਗਲ ਦੁਆਰ ਕਉ ਛਾਡਿ ਕੈ')

ਭਾਵੇਂ ਇਨਾਂ ਸਾਰੀਆ ਰਚਨਾਵਾਂ ਨੂੰ 'ਪਾਤਸ਼ਾਹੀ ੧੦' ਦੇ ਸਿਰਲੇਖ ਦੇ ਕੇ, ਇਨਾਂ ਨੂੰ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਨਾਮ ਨਾਲ ਜੋੜਨ ਦੀ ਬੜੀ ਕਾਮਯਾਬ (ਤੇ ਕੋਝੀ ?) ਕੋਸ਼ਸ਼ ਕੀਤੀ ਜਾ ਚੁਕੀ ਹੈ। ਪਰ ਇਸ ਦੇ ਬਾਬਜੂਦ, ਕਈ ਸਿੱਖਾਂ ਦੇ ਦਿਲ ਵਿਚ ਇਨਾਂ ਰਚਨਾਵਾਂ ਦੇ ਆਲੇ ਦੁਆਲੇ, ਅਤੇ ਅੰਦਰੂਨੀ ਖੋਜ ਤੇ ਅਧਾਰਤ, ਇਨਾਂ ਬਾਰੇ ਹੇਠ ਲਿਖੇ ਸ਼ੰਕੇ ਜਿਉਂ ਦੇ ਤਿਉਂ ਬਰਕਰਾਰ ਹਨ:

੧) ਕਿ, ਇਨਾਂ ਰਚਨਾਵਾਂ ਜਿਨਾਂ ਵਿਚ **'੧ਓ ਗੁਰ ਪ੍ਰਸਾਦਿ' ਅਤੇ 'ਪਾਤਸ਼ਾਹੀ ੧੦'**, ਵਰਗੇ ਲਿਖੇ ਸਿਰਲੇਖ, ਜਿਹੜੇ ਕਿ ਅੰਦਰੂਨੀ ਤੱਤਾਂ ਨਾਲ ਵਾਰਾ ਨਹੀ ਖਾਂਦੇ; ਅਸਲ ਵਿਚ **ਗੁਰੂ ਗੋਬਿੰਦ ਸਿੰਘ ਸਾਹਿਬ** ਦੀ ਲਿਖਤ ਨਹੀਂ ਹਨ। ਬਲਕਿ ਕਿਸੇ ਬਹੁਤ ਹੀ ਚਲਾਕ ਦੁਸ਼ਮਣ ਦੀ ਸਾਜਿਸ਼ ਹਨ। ਜੋ ਕਿ ਅਨਭੋਲ ਸਿਖਾਂ ਨੂੰ ਬੇਵਕੂਫ ਬਣਾਉਣ ਲਈ ਬਾਦ ਵਿਚ ਲਿਖੇ ਗਏ ਹਨ।

੨) ਇਸ ਸਾਜਿਸ਼ ਦਾ ਅਸਲੀ ਨਿਸ਼ਾਨਾ ਸਿਖਾਂ ਨੂੰ ਗੁਰੂ ਨਾਨਕ ਸਾਹਿਬ ਦੇ **'੧ਓ'** ਦੇ ਸੁਨੇਹੇ ਨਾਲੋਂ ਤੋੜ ਕੇ **'ਦੇਵੀ ਦੇਵਤਿਆਂ'** ਦੇ ਭਗਤ, ਅਤੇ ਪੁਜਾਰੀਆਂ ਤੇ ਗੋਗੜੇ ਸਾਧਾਂ ਸੰਤਾਂ ਦੇ ਗੁਲਾਮ ਬਣਾਉਣਾ ਹੈ। ਤਾਕਿ, ਇਸ ਤਰਾਂ ਦੀ ਕਾਮਯਾਬੀ ਨਾਲ ਸਿਖਾਂ ਨੂੰ ਮੁੜ, ਅਗਿਆਨਤਾ ਦੇ ਓਸੇ ਖੂਹ ਵਿਚ ਸੁਟਆ ਜਾ ਸਕੇ। ਜਿਸ ਖੂਹ ਵਿਚੋਂ ਗੁਰੂ ਸਾਹਿਬ ਨੇ ਸਿਖਾਂ ਨੂੰ ਬਾਹਰ ਕਢਿਆ ਸੀ।

੩) ਇਨਾਂ ਚਾਲਾਂ ਦੇ ਚਾਲਬਾਜ਼ ਦੁਸ਼ਮਣ ਸਿਖਾਂ ਦੀ ਮਾਨਸਕ ਅਵਸਥਾ ਤੋਂ ਵੀ ਚੰਗੀ ਤਰਾਂ ਜਾਣੂ ਹਨ। ਅਤੇ ਉਹ ਆਪਣੀ ਇਸ ਦੂਰ ਅੰਦੇਸ਼ੀ ਨਾਲ ਘੜੀ ਚਾਲ ਬਾਰੇ ਵੀ ਚੰਗੀ ਤਰਾਂ ਜਾਣਦੇ ਹਨ, ਕਿ ਇਕ ਵੇਰੀ ਜੇ ਸਿਖ ਇਸ ਜਾਲ ਵਿਚ ਫਸ ਗਏ (ਜਿਹੜੇ ਕਿ ਸਿੱਖ ਫੱਸ ਚੁਕੇ ਹਨ), ਤਾਂ ਉਨਾਂ ਨੇ ਕਦੀ ਮਨਣਾਂ ਹੀ ਨਹੀਂ ਕਿ ਉਨਾਂ ਨੂੰ ਕੋਈ ਚਾਲਬਾਜ਼ ਦੁਸ਼ਮਣ ਝੁਡੂ ਬਣਾ ਗਿਆ ਹੈ। ਸੋ, ਨ ਹੀ ਕਦੀ ਸਿੱਖ ਇਸ ਤੱਤ ਨੂੰ ਸਵੀਕਾਰ ਕਰਨ, ਅਤੇ ਨ ਹੀ ਜਾਲ ਵਿਚੋਂ ਬਾਹਰ ਨਿਕਲਣ।

ਸੋ ਇਸ ਲਈ, ਆਉ, ਇਕ ਇਕ ਕਰਕੇ ਦੇਖੀਏ, ਕਿ ਕੀ ਉਪਰ ਲਿਖੇ ਸ਼ੰਕਿਆਂ ਵਿਚ ਕੋਈ ਤੰਤ ਯਾ ਸਚਾਈ ਵੀ ਹੈ, ਯਾ ਨਹੀਂ।

## ੧) ਪ੍ਰਚਲਤ ਸਿਖ ਅਰਦਾਸ: 'ਵਾਰ ਸ੍ਰੀ ਭਗੌਤੀ ਜੀ ਕੀ।' ਦੇ ਕਰਤਾ। . . . ਕੀ ਗੁਰੂ ਗੋਬਿੰਦ ਸਿੰਘ ਸਾਹਿਬ ਹਨ?

**ਸਿਖ ਅਰਦਾਸ: 'ਵਾਰ ਸ੍ਰੀ ਭਗੌਤੀ ਜੀ ਕੀ ।' ਦੇ ਸਿਰਲੇਖ ਅਤੇ ਅੰਤਕਾ ਦੇ ਦਰਸ਼ਣ:**
**ਸਿਰਲੇਖ - ਸਿਖ ਅਰਦਾਸ ਵਾਲੀ ਵਾਰ ਦਾ:** . . .

ੳ) **ਵਰਤਮਾਨ** '(ਕਥਿਤ) ਸ੍ਰੀ ਦਸਮ ਗ੍ਰੰਥ' ਮੁਤਾਬਿਕ, (ਜਿਸ ਵਿਚੋਂ ਕਿ ਪ੍ਰਚਲਤ ਸਿਖ ਅਰਦਾਸ ਲਈ ਗਈ ਹੈ), :

ੴ ਵਾਹਿਗੁਰੂ ਜੀ ਕੀ ਫਤਹ ॥ **ਸ੍ਰੀ ਭਗੌਤੀ ਜੀ ਸਹਾਇ** ॥

ਵਾਰ ਸ੍ਰੀ ਭਗੌਤੀ ਜੀ ਕੀ ਪਾਤਸ਼ਾਹੀ ੧੦ ॥ ਪ੍ਰਿਥਮ ਭਗੌਤੀ ਸਿਮਰਿ ਕੈ

. . . (ਕਥਿਤ-ਦਗ, ਪੰਨਾ ੧੧੯)

ਅ) **ਪੁਰਾਤਨ** '(ਕਥਿਤ) ਸ੍ਰੀ ਦਸਮ ਗ੍ਰੰਥ' ਮੁਤਾਬਿਕ;

**ਵਾਰ ਦੁਰਗਾ ਕੀ** ੴ ਸਤਿਗੁਰ ਪ੍ਰਸਾਦਿ ।

ਅਬ **ਵਾਰ ਦੁਰਗਾ** ਕੀ ਲਿਖਿਯਤੇ । ਪਾਤਸ਼ਾਹੀ ੧੦ । ਪਉੜੀ । ਪ੍ਰਿਥਮ ਭਗਉਤੀ ਸਿਮਰਿ ਕੈ

. . . (ਪੁਰਾਤਨ ਕਥਿਤ-ਦਗ, ਚੰਡੀ ਚਰਿਤ੍-੨ ਤੋਂ ਬਾਦ ਵਾਰ ਦੁਰਗਾ ਕੀ ਪੰਨਾ ੧੫੮)

(Ref: . . . ਇੰਟਰਨੈਟ ਤੇ ਦੇਖਣ ਲਈ ਹੇਠਲੀ ਐਕਸਟੈਨਸ਼ਨ ਤੇ ਕਲਿਕ ਕਰੋ ਜੀ)

https://www.giankharag.com/dasam? After Chandi Charitr-2 Vaar Durga Kee page=158

**ਅੰਤਕਾ - ਸਿਖ ਅਰਦਾਸ ਵਾਲੀ ਵਾਰ ਦਾ:** . . .

ੲ) **ਵਰਤਮਾਨ** '(ਕਥਿਤ) ਸ੍ਰੀ ਦਸਮ ਗ੍ਰੰਥ' ਮੁਤਾਬਿਕ,

**ਦੁਰਗਾ ਪਾਠ** ਬਣਾਇਆ ਸਭੇ ਪਉੜੀਆ। ਫੇਰਿ ਨ ਜੂਨੀ ਆਇਆ ਜਿਨਿ ਇਹਿ ਗਾਇਆ।੫੫।

ਸ) ***ਪੁਰਾਤਨ** '(ਕਥਿਤ) ਸ੍ਰੀ ਦਸਮ ਗ੍ਰੰਥ' ਮੁਤਾਬਿਕ;

ਦੁਰਗਾ ਪਾਠ ਬਣਾਇਆ ਸਭੇ ਪਉੜੀਆ। ਫੇਰਿ ਨ ਜੂਨੀ ਆਇਆ ਜਿਨਿ ਇਹਿ ਗਾਇਆ।੫੫।

ਇਤਿ **ਸ੍ਰੀ ਦੁਰਗਾ ਕੀ ਵਾਰ** ਸਮਾਪਤੰ ਸਤੁ ਸੁਭਮ ਸਤੁ ।

(* ਨੋਟ: . ਇਹ ਪੁਰਾਤਨ ਗ੍ਰੰਥ, ਉਹ ਪ੍ਰਸਿਧ ਗ੍ਰੰਥ ਹੈ । ਜੋ ਕਿ ਸ: ਜਗੀ ਨੇ ਆਪਣੇ ਉਲਥਾ ਕਰਨ ਵਾਲੇ 'Research project' ਵਿਚ ਵਰਤਿਆ ਹੈ । )

**ਸਵਾਲ ੧:** . . . ਵਰਤਮਾਨ (ਕਥਿਤ ਸੁਧਾਈ ਕੀਤੇ) ਅਤੇ ਪੁਰਾਤਨ ਗ੍ਰੰਥਾਂ ਦੇ ਸਿਰਲੇਖਾਂ ਅਤੇ ਅੰਤਕਾਵਾਂ 'ਚ, ਕਿਉਂ ਹੈ ਫਰਕ? ਕੀ ਇਹ, ਪੁਰਾਤਨ ਗ੍ਰੰਥ ਦੇ ਅਖੱਰ **'ਦੁਰਗਾ'** ਨੂੰ ਲਕੋਣ ਦੀ, ਸਾਜਿਸ਼ ਨਹੀਂ ? ਜਿਸ ਨਾਲ ਕਿ ਸਿਖਾਂ ਨੂੰ ਭੁਲੇਖਾ ਪਾਉਣ ਲਈ ਅਖਰ **'ਦੁਰਗਾ'** ਨੂੰ ਅਖਰ **'ਭਗੌਤੀ'** ਵਿਚ ਬਦਲ ਕੇ, ਇਹ **ਕਾਮਯਾਬ ਭੁਲੇਖਾ** ਪਾਇਆ ਗਿਆ ਹੈ; ਕਿ ਜਿਸ **ਭਗੌਤੀ** ਅਗੇ ਸਿੱਖ ਅਰਦਾਸ ਕਰ ਰਹੇ ਹਨ । ਉਹ ਅਸਲ ਵਿਚ ਗੁਰੂ ਗ੍ਰੰਥ ਸਾਹਿਬ ਹੀ ਵਾਲਾ ਵਡਾ ਸਾਹਿਬ **'ੴ'** ਹੈ । ਅਤੇ ਕੋਈ ਹੋਰ **ਦੁਰਗਾ** ਆਦਿਕ ਨਾਮ ਦੀ ਦੇਵੀ ਨਹੀਂ । . . . ਜੋ ਕਿ ਥਾਂ ਥਾਂ ਤੇ ਲਿਖੇ ਅਖਰ **'ਦੁਰਗਾ'** ਦੀ ਹੋਂਦ ਕਾਰਣ ਸੁਧਾ ਹੀ ਝੂਠ ਹੈ, ਅਤੇ ਸਚਾਈ ਤੋਂ ਕੋਹਾਂ ਦੂਰ ਹੈ ।

ਕੀ ਸਿਖਾਂ ਦੇ, ਕਿਸੇ ਵੀ ਮੱਖੀ ਤੇ ਮੱਖੀ ਮਾਰ ਸਕੌਲਰ (scholar) ਯਾ ਰੌਲਾ ਪਾਊ ਲੀਡਰ ਨੂੰ ਐਡੀ ਵਡੀ ਖਤਰੇ ਦੀ ਘੰਟੀ ਖੜਕਦੀ, ਕਦੀ ਵੀ ਨਹੀਂ ਸੁਣੀ ? ਜਿਸ ਕਾਰਣ ਕਿ ਸਾਰਾ ਸਿਖ ਜਗਤ ਇਹ ਵੀ ਦੇਖਣ, ਸਮਝਣ, ਯਾ ਸੋਚਣ ਜੋਗਾ ਵੀ ਨਹੀਂ ਰਿਹਾ । ਕਿ, ਕੀ ਉਹ ਆਪਣੀ ਅਰਦਾਸ ਗੁਰੂ ਨਾਨਕ ਸਾਹਿਬ ਦੇ ਦਰਸਾਏ ਸਾਰਿਆਂ ਤੋਂ ਵਡੇ ਸਾਹਿਬ **'ੴ'** ਕੋਲ ਕਰ ਰਿਹਾ ਹੈ ? ਯਾ, ਕਿਸੇ ਦੇ ਪਿਛੇ ਲਗ ਕੇ ਕਿਸੇ, **ਦੁਰਗਾ ਦਾਸੀ** ਕੋਲ ! . . . **ਠਾਕੁਰੁ ਛੋਡਿ ਦਾਸੀ ਕਉ ਸਿਮਰਹਿ ਮਨਮੁਖ ਅੰਧ ਅਗਿਆਨਾ ॥ ਹਰਿ ਕੀ ਭਗਤਿ ਕਰਹਿ ਤਿਨ ਨਿੰਦਹਿ ਨਿਗੁਰੇ ਪਸੂ ਸਮਾਨਾ ॥੨॥ . . . (ਸਗਗਸ: ਪੰਨਾ ੧੧੩੮)**

ਕੀ ਗੁਰੂ ਨਾਨਕ ਸਾਹਿਬ ਦੀ ਦਸਵੀ ਜੋਤਿ, **ਗੁਰੂ ਗੋਬਿੰਦ ਸਿੰਘ ਸਾਹਿਬ,** ਅਪਣੇ ਸਿਖਾਂ ਨੂੰ, ਕਿਸੇ **ਦੁਰਗਾ ਨਾਮੀ ਦਾਸੀ** ਦੇ ਪਿਛੇ ਲਾਉਣ ਦੀ ਗਲਤੀ ਕਰ ਸਕਦੇ ਹਨ? . . . ਕਦਾਚਿਤ ਨਹੀਂ ।

**ਸਿੱਖਾਂ ਦੀ ਅਸਲੀ ਅਰਦਾਸ:** . . .

ਇਹ ਵੀ ਇਕ ਬੜੀ ਰੋਚਕ ਸਚਾਈ ਹੈ। ਕਿ ਕਈ ਬਾਰੀ ਸਾਹਮਣੇ ਪਈ ਪ੍ਰਥੱਕ ਚੀਜ਼ ਨਜ਼ਰ ਨਹੀਂ ਆਉਂਦੀ। ਇਹ ਹੀ ਗਲ ਹੈ '**ਸਿੱਖਾਂ ਦੀ ਅਸਲੀ ਅਰਦਾਸ' ਦੀ।** ਜੋ ਕਿ ਐਸ ਵੇਲੇ ਕਈ ਚਿਰਾਂ ਤੋਂ ਕਿਸੇ ਖੂੰਜੇ ਵਿਚ, ਖੁਡੇ ਲਾਈਨ ਲਗੀ ਬੈਠੀ ਹੈ। ਪਰ ਦੁਸ਼ਮਣ ਦੀਆਂ ਸਾਰੀਆਂ ਕੋਸ਼ਸ਼ਾਂ ਦੇ ਬਾਬਜੂਦ ਵੀ ਕਿਧਰੇ ਗਈ ਨਹੀਂ। ਅਤੇ ਹਾਲੇ ਤਾਈਂ ਵੀ ਅੜੀ ਬੈਠੀ ਹੈ। ਅਤੇ ਇਹ ਹੈ, ਉਹ **ਅਰਦਾਸ**।

**"੧ਓ ਸਤਿਗੁਰ ਪਰ੍ਸਾਦਿ ॥ ਗਉੜੀ ਸੁਖਮਨੀ ਮਃ ੫ ॥ . . . ਤੂ ਠਾਕੁਰੁ ਤੁਮ ਪਹਿ ਅਰਦਾਸਿ ॥ ਜੀਉ ਪਿੰਡੁ ਸਭੁ ਤੇਰੀ ਰਾਸਿ ॥ ਤੁਮ ਮਾਤ ਪਿਤਾ ਹਮ ਬਾਰਿਕ ਤੇਰੇ ॥ ਤੁਮਰੀ ਕਿਰ੍ਪਾ ਮਹਿ ਸੂਖ ਘਨੇਰੇ ॥ ਕੋਇ ਨ ਜਾਨੈ ਤੁਮਰਾ ਅੰਤੁ ॥ ਊਚੇ ਤੇ ਊਚਾ ਭਗਵੰਤ ॥ ਸਗਲ ਸਮਗਰੀ ਤੁਮਰੈ ਸੂਤ੍ਰਿ ਧਾਰੀ ॥ ਤੁਮ ਤੇ ਹੋਇ ਸੁ ਆਗਿਆਕਾਰੀ ॥ ਤੁਮਰੀ ਗਤਿ ਮਿਤਿ ਤੁਮ ਹੀ ਜਾਨੀ ॥ ਨਾਨਕ ਦਾਸ ਸਦਾ ਕੁਰਬਾਨੀ ॥੮॥੪॥" . . . (ਸਗਗਸ ਪੰਨਾ ੨੬੮)**

**ਦਸੋ ਪਾਤਸ਼ਾਹ; . . . ਗੁਰੂ ਨਾਨਕ ਸਾਹਿਬ, ਗੁਰੂ ਅੰਗਦ ਸਾਹਿਬ, ਗੁਰੂ ਅਮਰਦਾਸ ਸਾਹਿਬ, ਗੁਰੂ ਰਾਮਦਾਸ ਸਾਹਿਬ, ਗੁਰੂ ਅਰਜਨ ਸਾਹਿਬ, ਗੁਰੂ ਹਰਗੋਬਿੰਦ ਸਾਹਿਬ, ਗੁਰੂ ਹਰਿਰਾਏ ਸਾਹਿਬ, ਗੁਰੂ ਹਰਕਿਸ਼ਨ ਸਾਹਿਬ, ਗੁਰੂ ਤੇਗ ਬਹਾਦੁਰ ਸਾਹਿਬ, ਅਤੇ ਗੁਰੂ ਗੋਬਿੰਦ ਸਿੰਘ ਸਾਹਿਬ ਜੀਓ। . . . ਸਭ ਥਾਈ ਹੋਣਾ ਜੀ ਸਹਾਇ।**

ਦਸਾਂ ਪਾਤਸ਼ਾਹੀਆਂ ਦੀ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਦੀਦਾਰ ਦਾ ਧਿਆਨ ਧਰ ਕੇ ਬੋਲੋ ਜੀ, ਵਾਹਿਗੁਰੂ . . . ਪੰਜਾਂ ਪਿਆਰਿਆਂ . . . ਆਦਿਕ। ਜਿਸ ਤਰਾਂ ਹੈ।

## ੨) ਕਬਯੋ ਬਾਚ ਬੇਨਤੀ ॥ ਚੌਪਈ ॥ ਦੇ ਕਰਤਾ। . . . ਕੀ ਗੁਰੂ ਗੋਬਿੰਦ ਸਿੰਘ ਸਾਹਿਬ ਹਨ?

**ਸਿਰਲੇਖ: . . . ਕਬਯੋ ਬਾਚ ਬੇਨਤੀ** ॥ ਚੋਪਈ ॥ **ਦਾ**

**ੳ) ਵਰਤਮਾਨ** . . . SGPC, ਅਤੇ ਕਈ ਸਿੱਖ ਜਥੇਬੰਦੀਆਂ ਮੁਤਾਬਿਕ :

**੧ੴ ਵਾਹਿਗੁਰੂ ਜੀ ਕੀ ਫਤਹ ॥ ਪਾ: ੧੦ ॥ ਕਬਯੋ ਬਾਚ ਬੇਨਤੀ ॥ ਚੌਪਈ ॥**

ਹਮਰੀ ਕਰੋ ਹਾਥ ਦੈ ਰੱਛਾ ॥ ਪੂਰਨ ਹੋਇ ਚਿਤ ਕੀ ਇੱਛਾ ॥ ਤਵ ਚਰਨਨ ਮਨ ਰਹੈ ਹਮਾਰਾ ॥ ਅਪਨਾ ਜਾਨ ਕਰੋ ਪ੍ਰਤਿਪਾਰਾ ॥੧॥ . . .

**ਅ) (ਕਥਿਤ) ਸ੍ਰੀ ਦਸਮ ਗ੍ਰੰਥ' ਮੁਤਾਬਿਕ : . . . (ਕਥਿਤ-ਦਸਮ ਗ੍ਰੰਥ: ਪਨਾ ੧੩੮੬)**

ਧੰਨਯ ਧੰਨਯ ਲੋਗਨ ਕੇ ਰਾਜਾ ॥ ਦੁਸ਼ਟਨ ਦਾਹ ਗਰੀਬ ਨਿਵਾਜਾ ॥ ਅਖਲ ਭਵਨ ਕੇ ਸਿਰਜਨਹਾਰੇ ॥ ਦਾਸ ਜਾਨਿ ਮੁਹਿ ਲੇਹੁ ਉਬਾਰੇ ॥ **੩੭੬ ॥ ਕਬਯੋ ਬਾਚ ਬੇਨਤੀ ॥** ਚੋਪਈ ॥ ਹਮਰੀ ਕਰੋ ਹਾਥ ਦੈ ਰੱਛਾ ॥ ਪੂਰਨ ਹੋਇ ਚਿਤ ਕੀ ਇੱਛਾ ॥ਤਵ ਚਰਨਨ ਮਨ ਰਹੈ ਹਮਾਰਾ ॥ ਅਪਨਾ ਜਾਨ ਕਰੋ ਪ੍ਰਤਿਪਾਰਾ ॥੩੭੭॥ . . .

### ਨੋਟ ਕਰੋ ਜੀ :

੧) ਕਿ '(ਕਥਿਤ) ਸ੍ਰੀ ਦਸਮ ਗ੍ਰੰਥ' ਮੁਤਾਬਿਕ, '**ਕਬਯੋ ਬਾਚ ਬੇਨਤੀ** ॥ ਚੋਪਈ ॥' ਤੋਂ ਪਹਿਲਾਂ, ਕੋਈ . . .**'੧ੴ ਵਾਹਿਗੁਰੂ ਜੀ ਕੀ ਫਤਹ ॥ ਪਾ: ੧੦ ॥' . . . ਨਹੀਂ ਲਿਖਿਆ ਹੋਇਆ ॥**

**ਇਸ ਲਈ ਸਵਾਲ # ੧: . . .** ਵਰਤਮਾਨ (SGPC, ਅਤੇ ਕਈ ਸਿਖ ਜਥੇਬੰਦੀਆਂ ਦੀਆਂ) ਲਿਖਤਾਂ ਵਿਚ . . . **'੧ੴ ਵਾਹਿਗੁਰੂ ਜੀ ਕੀ ਫਤਹ ॥ ਪਾ: ੧੦ ॥'** . . . ਦੇ ਸ਼ਬਦ ਕਿਥੋਂ ਆ ਗਏ ? ਜਦ ਕਿ (ਕਥਿਤ) ਦਸਮ ਗ੍ਰੰਥ ਵਿਚ, ਇਹ ਸ਼ਬਦ, ਇਸ ਚੋਪਈ ਦੇ ਕਿਧਰੇ ਲਾਗੇ ਸ਼ਾਗੇ ਵੀ ਨਹੀਂ ਹਨ।**

** (ਪਰ ਹਾਂ, ਕੋਈ ੫੭੯ ਸਫੇ ਪਹਿਲਾਂ, ਸਫਾ ੮੦੯ ਤੇ ਇਸ ਵਰਗੇ ਸ਼ਬਦ . . .'੧ੴ ਵਾਹਿਗੁਰੂ ਜੀ ਕੀ ਫਤਹ ॥ ਸ੍ਰੀ ਭਗਉਤੀ ਜੀ ਸਹਾਇ ॥ ਅਬ ਪਖਯਾਨ ਚਰਿਤ੍ ਲਿਖਯਤੇ ॥ ਪਾਤਿਸ਼ਾਹੀ ੧੦ ॥' . . . ਤਾਂ ਜ਼ਰੂਰ ਆਉਂਦੇ ਹਨ। ਪਰ ਜੇ ਕੋਈ ਇਨਾਂ (੧੦੦ ਮੀਲ ਲਾਂਭੇ) ਸਬਦਾਂ ਦਾ ਸਹਾਰਾ ਲੈ ਕੇ, ਚੌਪਈ ਦਾ ਸਿਰਲੇਖ "੧ੴ ਵਾਹਿਗੁਰੂ ਜੀ ਕੀ ਫਤਹ ॥ ਪਾ: ੧੦ ॥

ਕਬਯੋ ਬਾਚ ਬੇਨਤੀ ॥ ਚੋਪਈ ॥” ਨੂੰ ਸਹੀ ਠਹਿਰੌਣਾ ਠੀਕ ਸਮਝਦਾ ਹੈ। ਤਾਂ ਉਸ ਨਾਲ ਸਾਰੀ ਦੀ ਸਾਰੀ ਚਰਿਤ੍ਰ ਪਖਯਾਨ (ਬੀਬੀਆਂ, ਅਤੇ ਗੁਰੂ ਸਾਹਿਬ ਦੀ, ਬਗੈਰ ਨਾਮ ਲਏ, ਬੜੇ ਚਲਾਕ ਤਰੀਕੇ ਨਾਲ ਰੱਜ ਕੇ ਬੇਇਜ਼ਤੀ ਕਰਨ ਵਾਲੀ) ਰਚਨਾ ਵੀ ਠੀਕ ਸਮਝਣੀ ਪਵੇਗੀ। ਜਿਸ ਮੁਤਾਬਿਕ ਵਨੰਗੀ ਦੇ ਤੌਰ ਤੇ;

ਇਸ ਦੇ ਲੇਖਕਾਂ, **ਕਵੀ ਰਾਮ** (ਦੋਹਰਾ ॥ ਕਥਾ ਸਤਾ੍ਵੀ **ਰਾਮ ਕਬਿ** ਉਚਰੀ ਹਿਤ ਚਿਤ ਲਾਇ ॥ **ਚਰਿਤ੍ਰ ੧੮, ੮੩੫**) ਅਤੇ **ਸਯਾਮ** (ਇਹ ਬਿਧਿ ਛਲਿ ਪਿਰ ਮਾਤ ਕਹ ਗਈ ਮਿਤ੍ਰ ਕੇ ਸੰਗ। **ਕਬਿ ਸਯਾਮ** ਪੂਰਨ ਭਯੋ ਤਬ ਹੀ ਕਥਾ ਪ੍ਰਸੰਗ ।੧੦।੧॥ **ਚਤਿਤ੍ਰ ੪੦੦, ਪਨਾ ੧੩੫੫**) ਦੇ, (a) **ਇਸ਼ਟ** ਅਤੇ (b) **ਗੁਰੂ ਸਾਹਿਬ ਦੀ ਬੇਇਜ਼ਤੀ, (c)** ਇਸ ਦੇ ਲੇਖਕ ਦੀ ਸੰਖੇਪ ਜਹੀ ਤਸਵੀਰ ਕੁਝ ਇਸ ਤਰਾਂ ਹੈ।

a) **(ਇਸ਼ਟ)** . . . “ਸਵਯਾ॥ (ਹੇ ਦੁਰਗਾ/ਕਾਲੀ) ਮੁੰਡ ਕੀ ਮਾਲ ਦਿਸਾਨ ਕੇ ਅੰਬਰ ਬਾਮ ਕਰਯੋ ਗਲ ਮੈ ਅਸ ਭਾਰੀ ॥ ਲੋਚਨ ਲਾਲ ਕਰਾਲ ਦਿਪੈ ਕੋਊ ਬਿਰਾਜਤ ਹੈ ਅਨਿਯਾਰੋ ॥ ਛੂਟੇ ਹੈ ਬਾਲ ਮਹਾ ਬਿਕਰਾਲ ਬਿਸਾਲ ਲਸੈ ਰਦ ਪੰਤਿ ਉਜਿਯਾਰੋ ॥ ਛਾਡਤ ਜਵਾਲ ਲਏ ਕਰ ਬਯਾਲ ਸੁ **ਕਾਲ** ਸਦਾ ਪ੍ਰਤਿਪਾਲ ਤਿਹਾਰੋ ॥੧੭॥” (ਕਥਿਤ-ਦਗ: ੮੧੦)

b) **(ਗੁਰੂ ਸਾਹਿਬ ਦੀ ਬੇਇਜ਼ਤੀ ਦੀ ਧਾਰਨਾ)** ਅਤੇ, **ਪਖਯਾਨ ਚਰਿਤ੍ਰ** ਦੇ ਚਰਿਤ੍ਰ (੧੬-ਪੰਨਾ ੮੨੯, ੧੮-ਪੰਨਾ ੮੩੫, ੨੧-ਪੰਨਾ ੮੩੮, ੨੨-ਪੰਨਾ ੮੮੩, ਅਤੇ ੨੩-ਪੰਨਾ ੮੮੩) ਮੁਤਾਬਿਕ; **ਸਤਲੁਜ ਦੇ ਕਿਨਾਰੇ ਬਸੇ** ਅਨੰਦ ਪੁਰ ਦੇ ਇਕ **ਰਾਇ** ਨਾਮ ਦੇ ਵਾਸੀ ਦੀ ਕਹਾਣੀ ਹੈ।

ਜੋ ਕਿ ਪਹਿਲਾਂ ਤਾਂ **ਚਰਿਤ੍ਰ ੧੬** ਮੁਤਾਬਕ, **ਰਾਇ (ਨੋਟ: ਦੇਖਦੇ ਜਾਉ, ਚਲਾਕ ਲੇਖਕ ਦਾ ਇਸ਼ਾਰਾ ਗੁਰੂ ਗੋਬਿੰਦ ਰਾਇ ਵਲ ਹੈ)**, ਇਕ **ਛਜੀਆ** ਨਾਮ ਦੀ ਬੇਸਵਾ ਨਾਲ ਅਟੀ ਸਟੀ ਰਲਾ ਕੇ ਉਸ ਦੇ ਸੱਦੇ ਤੇ ਅਧੀ ਰਾਤ ਤੋ ਬਾਦ ਮੰਤ੍ਰ ਸਿਖਣ ਦੇ ਬਹਾਨੇ ਉਸ ਦੇ ਘਰ ਜਾਂਦਾ ਹੈ। ਤੇ ਛਜੀਆ ਦੇ ਕਹਿਣ ਤੇ ਆਪਣੇ ਨਾਲ ਗਏ ਨੌਕਰਾਂ ਚਾਕਰਾਂ ਨੂੰ ਘਰ ਵਾਪਸ ਭੇਜ ਕੇ, ਛਜੀਆ ਦੇ ਨਾਲ ਅਨੰਦ ਮਾਨਣ ਲਈ ਸ਼ਰਾਬ ਆਦਿ ਮੰਗਵਾਉਦਾ ਹੈ। ਤੇ ਫਿਰ ਕਾਮ ਕ੍ਰੀੜਾ ਤੇ ਗਲ ਪਹੁੰਚਣ ਦੇ ਵਕਤ ਕਾਮ ਨ ਕਰਨ ਦੇ ਬਹਾਨੇ ਜਿਹੇ ਮਾਰਦਾ ਹੈ। ਜਿਸ ਕਰਕੇ ਛਜੀਆ ਗੁਸੇ ਹੋ ਕੇ “ਚੋਰ ਚੋਰ” ਦਾ ਰੌਲਾ ਪਾ ਦਿੰਦੀ ਹੈ। ਤੇ ਲੋਕਾਂ ਦੇ ਇਕਠੇ ਹੋ ਜਾਣ ਕਰਕੇ, **ਰਾਇ** ਉਥੋਂ **ਕੁਟ ਖਾਣੋ** ਬਚ ਕੇ ਭਜਦਾ ਹੈ। ਤੇ ਲੁਕ ਛੁਪ ਕੇ ਘਰ ਪਹੁੰਚ ਕੇ, ਕਨਾਂ ਨੂੰ ਹਥ ਲਾਕੇ, ਮੁੜ ਕੇ ਇਸ ਤਰਾਂ ਦੀ ਗਲਤੀ ਨ ਕਰਨ ਦੀ ਕਸਮ ਖਾਂਦਾ ਹੈ। ਪਰ ਇਸ ਬ੍ਰਤਾਂਤ ਬਾਰੇ ਕੋਈ ਵੀ ਗਲ ਕਿਸੇ ਨੂੰ ਨਹੀਂ ਦਸਦਾ।

ਪਰ ਆਦਤ ਤੋਂ ਮਜਬੂਰ, ਮੁੜ ਕੇ ਫਿਰ **ਚਰਿਤ੍ਰ ੨੨** ਮੁਤਾਬਿਕ ਉਹ ਹੀ **ਰਾਇ** (ਸਤਲੁਜ ਦੇ ਕੰਢੇ, ਅਨੰਦ ਪੁਰ ਵਾਸੀ, ਕਾਹਲੂਰ ਦੇ ਠਾਉ, ਅਤੇ ਸਿੱਖ ਸ਼ਾਖਾ ਦਾ ਨੇਤਾ) ਇਕ ਹੋਰ **ਨੂਪ ਕੋਅਰਿ** ਨਾਮੀ ਜਨਾਨੀ ਦੇ ਸਦੇ ਤੇ, ਛਜੀਆ ਦੇ ਘਰ ਜਾਣ ਵਾਂਙ ਹੀ ਨੂਪ ਕੁਅਰਿ ਦੇ ਘਰ, ਅਧੀ ਰਾਤ ਤੋਂ ਬਾਦ ਇਕ **ਮੰਗਤੇ ਦੇ ਭੇਸ ਵਿਚ ‘ਭਗੌਤੀ ਭਗੌਤੀ’ ਕਰਦਾ** ਜਾਂਦਾ ਹੈ। ਤੇ ਉਸ ਦੇ ਘਰ ਵਿਚ **ਧੁਸ ਦੇ ਕੇ** ਵੜ ਕੇ, ਸਿਧਾ ਬੈਡ ਰੂਮ ‘ਚ ਜਾ ਕੇ ਮੰਗਤੇ ਵਾਲੇ ਕਪੜੇ ਲਾਹ ਕੇ ਸ਼ਾਹੀ ਕਪੜਿਆਂ ਵਿਚ ਸਜ ਜਾਂਦਾ ਹੈ। ਤੇ ਸ਼ਰਾਬ ਅਦਿ ਦਾ ਦੌਰ ਚਲ ਪੈਂਦਾ ਹੈ। ਫਿਰ ਅਗੇ ਵਾਂਙ ਹੀ, ਜਦ ਕਾਮ ਕ੍ਰੀੜਾ ਦਾ ਵੇਲਾ ਆਉਂਦਾ ਹੈ। ਤਾਂ ਮੁੜ ਪਹਿਲਾਂ ਵਰਗੇ ਹੀ ਨਖਰੇ, ਅਤੇ ਆਪਣੀ ਬੇਬਸੀ ਦੇ ਲੈਕਚਰ ਜਹੇ **(ਸੁਧਿ ਜਬ ਤੇ ਹਮ ਧਰੀ ਬਚਨ ਗੁਰ ਦਏ ਹਮਾਰੇ ॥** ਪੂਤ ਇਹੈ ਪ੍ਰਨ ਤੋਹਿ ਪ੍ਰਾਨ ਜਬ ਲਗ ਘਾਟ ਬਾਰੇ ॥ ਨਿਜ ਨਾਰੀ ਕੇ ਸਾਥ ਨੇਹੁ ਤੁਮ ਨਿੱਤ ਬਢੈਯਹੁ ॥ ਪਰ ਨਾਰੀ ਕੀ ਸੇਜ ਭੂਲਿ ਸੁਪਨੇ ਹੂੰ ਨ ਜੈਯਹੁ ॥੫੧॥ . . .) ਝਾੜਨ ਲਗਦਾ ਹੈ। ਜਿਸ ਤੋਂ ਬੋਰ ਹੋ ਕੇ ਨੂਪ ਕੁਅਰਿ ਉਸ ਨੂੰ ਠਿੱਠ ਕਰਨ ਲਈ ਕਹਿੰਦੀ ਹੈ ਕਿ “ਜੇ ਤੂੰ ਮੇਰੇ ਨਾਲ ਕਾਮ ਕਰਨ ਦੇ ਸਮਰਥ ਨਹੀਂ, ਤਾਂ ਮੇਰੀ ਲਤ ਥਲਿਓਂ ਦੀ ਲੰਘ।” ਜਿਸ ਦੇ ਜਵਾਬ ਵਿਚ **ਰਾਇ** ਕਹਿੰਦਾ ਹੈ। ਕਿ “ਲੱਤ ਥਲਿਓਂ ਤਾਂ ਉਹ ਲੰਘਦਾ ਹੈ ਜਿਹੜਾ ਨਮਰਦ ਹੋਵੇ। ਤੇ ਜਿਸ ਨੂੰ ਕੋਈ ਜਨਾਨੀ ਸਾਰੀ ਰਾਤ, ਵਜਾਉਣੀ ਨ ਆਉਂਦੀ ਹੋਵੇ।”

ਸੋ ਇਹ ਸੁਣ ਕੇ, ਛਜੀਆ ਵਾਂਙ ਹੀ ਇਥੇ ਨੂਪ ਕੁਅਰਿ ਵੀ ਗੁਸੇ ‘ਚ ਆ ਕੇ “ਚੋਰ ਚੋਰ” ਦੀ ਰੌਲੀ ਪਾ ਦਿੰਦੀ ਹੈ। ਜਿਸ ਤੇ ਲੋਕ (ਚਰਿਤ੍ਰ ਮੁਤਾਬਿਕ ਜਿਨਾਂ ਲੋਕਾਂ ਵਿਚ ਕਈ ਸਿਖ ਵੀ ਹਨ) ਇਕਠੇ ਹੋ ਜਾਂਦੇ ਹਨ। ਅਤੇ ਅੰਧੇਰੇ ਵਿਚ ਰਾਇ ਦੇ ਥਾਂ, ਭੁਲੇਖੇ ਨਾਲ ਨੂਪ ਕੁਅਰਿ ਦੇ ਭਰਾ ਨੂੰ ਫੜ ਕੇ ਉਸ ਦੀ ਦਾੜ੍ਹੀ ਪੁਟ ਕੇ, ਤੇ ਪਗ ਉਤਾਰ ਕੇ, ਉਸ ਦੀ ਚੰਗੀ ਛਿਤੱਰ ਪਰੇਡ ਕਰਦੇ ਹਨ। ਜੋਕਿ ਅਸਲ ਵਿਚ ਰਾਇ ਦੀ ਹੋਣੀ ਸੀ। ਪਰ **ਰਾਇ** ਇਸ ਰੌਲੇ ਗੌਲੇ ਵਿਚ ਆਪਣੀ ਪਨੀ ਤੇ ਪਾਮਰੀ (ਜੁਤੀ ਤੇ ਰੇਸ਼ਮੀ ਸ਼ੌਲ) ਪਿਛੇ ਛਡ ਕੇ ਭਜਣ ‘ਚ ਕਾਮਯਾਬ ਹੋ ਜਾਂਦਾ ਹੈ। ਅਤੇ ਆਪਣੇ ਡੇਰੇ ਤੇ ਪਹੁੰਚ ਜਾਂਦਾ ਹੈ। ਪਰ ਇਸ ਕੁੱਤੇਖਾਣੀ ਬਾਰੇ, ਛਜੀਆ ਕਾਂਡ ਵਾਂਙ ਹੀ, ਦਸਦਾ ਕਿਸੇ ਨੂੰ ਨਹੀਂ।

***** ਸਪੈਸ਼ਲ ਨੋਟ:** . . . ਮੇਹਰਬਾਨੀ ਕਰਕੇ, ਇਹ ਗੱਲ ਨੋਟ ਕਰਨ ਤੋਂ ਬਿਲਕੁਲ ਨ ਉਕਿਓ, ਕਿ ਸਾਡੇ ਵਿਚ ਗੁਜ਼ਾਰੇ ਤੋਂ ਵਾਧੂ ਬਹੁਤ ਗਿਣਤੀ ਵਿਚ ਕਈ ਉਹ ਸਿੱਖ ਹਨ । ਜੋ ਕਿ ਕਿਸੇ ਬੇਸਮਝ ਜਾਨਵਰਾਂ ਦੇ ਇਜੜ ਵਾਂਙ, **ਰਾਮ ਅਤੇ ਸਯਾਮ** ਦੇ, ਹੇਰਾਫੇਰੀਆਂ ਅਤੇ ਚਲਾਕੀਆਂ ਨਾਲ ਭਰਪੂਰ ਤੀਰਾਂ ਦੇ ਨਿਸ਼ਾਨੇ ਨਾਲ ਵਿਧੇ ਹੋਏ, ਇਕ ਮਹਾਂ ਝੁਡੂਆਂ ਦਾ ਟੋਲਾ ਬਣੇ ਪਏ ਹਨ । ਜੋ ਕਿ ਆਪਣੀ, ਆਮ ਯਾ ਦੀਰਘ ਸੋਚਣ ਯਾ ਖੋਜ ਬਿਰਤੀ ਨੂੰ ਪੂਰਾ ਜਿੰਦਾ ਲਾ ਕੇ, ਅਤੇ ਮਾੜੀ ਮੋਟੀ ਵੀ ਸਮਝੱਣ ਸ਼ਕਤੀ ਨੂੰ ਕੋਲ ਰਖਣ ਦੀ ਜਰੂਰਤ ਨਾ ਮਹਿਸੂਸ ਕਰਦੇ ਹੋਏ, ਕਿਸੇ ਕਥਿਤ ਦਸਮ ਗ੍ਰੰਥ ਦੇ ਲਿਖਾਰੀ ਰਾਮ ਅਤੇ ਸਯਾਮ ਦੇ ਚਮਚੇ ਬਣ ਕੇ, ਉਨਾਂ ਦੇ ਭੌਉਂਕੇ ਬਣੇ ਫਿਰਦੇ ਹਨ ।

**ਮਸਾਲ ਦੇ ਤੌਰ ਤੇ,** ਰਾਮ ਅਤੇ ਸ਼ਾਮ ਦੇ ਬਹੁਤ ਹੀ ਉਸਤਾਦੀ ਨਾਲ ਭਰੇ, ਬੜੇ ਚਮਕੀਲੇ ਤੇ ਦਿਲ ਖਿਚੂ ਚੋਗੇ ਦੀਆਂ ਤੀਰਾਂ ਦੀਆਂ ਸਤਰਾਂ (*** ਸੁਧਿ ਜਬ ਤੇ ਹਮ ਧਰੀ ਬਚਨ ਗੁਰ ਦਏ ਹਮਾਰੇ ॥ ਪੂਤ ਇਹੈ ਪ੍ਰਨ ਤੋਹਿ ਪ੍ਰਾਨ ਜਬ ਲਗ ਘਾਟ ਥਾਰੇ ॥ ਨਿਜ ਨਾਰੀ ਕੇ ਸਾਥ ਨੇਹੁ ਤੁਮ ਨਿੱਤ ਬਢੈਯਹੁ ॥ ਪਰ ਨਾਰੀ ਕੀ ਸੇਜ ਭੂਲਿ ਸੁਪਨੇ ਹੂੰ ਨ ਜੈਯਹੁ ॥੫੧॥***), ਦੇ ਸ਼ਿਕਾਰ ਹੋਏ ਕਈ ਸਿੱਖ ਇਨਾਂ ਰਾਮ ਤੇ ਸਿਯਾਮ ਜੋੜੇ ਦੀਆਂ ਸਤਰਾਂ ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਕ੍ਰਿਤ ਸਮਝਦੇ ਹੋਏ; . . . a) ਆਪਂਣੇ ਲੇਖਾਂ, ਲੇਕਚਰਾਂ, ਜਾਂ ਕਰਿਤਨਾਂ ਦਾ ਸ਼ਿੰਗਾਰ ਬਣਾ ਕੇ; . . . ਅਤੇ b) ਸਿੱਖ ਵਿਆਹਾਂ ਦੇ ਅਨੰਦ ਕਾਰਜ ਵਿਚ, ਬੜਾ ਲੂਣ ਮਸਾਲਾ ਲਾ ਕੇ , ਇਨਾਂ ਸਤਰਾਂ ਨੂੰ ਸਿੱਖ ਅਨੰਦ ਕਾਰਜਾਂ ਵਿਚ **(ਗੁਰੂ ਗੋਬਿੰਦ ਸਿੰਘ ਸਾਹਿਬ ਵਲੋਂ ਦਿਤੀ ਹੋਈ)** ਵਿਆਹਕ ਮੱਤ ਵਲੋਂ ਬਹੁਤ ਹੀ ਵਿਸਥਾਰ ਰੂਪ ਵਿਚ ਪਰਚਾਰਦੇ ਹਨ ।

ਅਤੇ ਕਦੀ ਵੀ, ਕਿਸੇ ਨੂੰ ਇਸ ਦੀ (ਜਾਣੇ ਜਾਂ ਅਣਜਾਣੇ), ਇਸ **ਅਸਲ ਅਸਲੀਆਤ ਦੀ ਸਚਾਈ** ਬਾਰੇ, ਇਹ ਪਤਾ ਵੀ ਨਹੀ ਲਗਣ ਦਿੰਦੇ । ਕਿ ਇਹ ਅਖੱਰ, ਅਸਲ ਵਿਚ (ਕਥਿਤ ਦਸਮ ਗ੍ਰੰਥ ਦੇ ਚ੍ਰਿਤਰ ੧੬,੨੧,੨੨,ਅਤੇ ੨੩) ਦੇ ਇਕ **ਰਾਇ** ਨਾਮੀ ਕਾਲਪਨਿਕ ਪਾਤਰ, ਦੇ ਹਨ । ਜੋ ਕਿ, ਇਕ ਸਿਰੇ ਦਾ ਜਨਾਨੀ ਬਾਜ਼, ਨਸ਼ਈ, ਜੁਤੀਆਂ ਖਾਂਣ ਵੇਲੇ ਬਚ ਕੇ ਭੱਜਣ ਵਾਲਾ, ਸਿਰੇ ਦਾ ਝੂਠੇਬਾਜ਼, ਧੋਖੇਬਾਜ਼, ਦੱਲਾ, ਬਲੈਕੀਆ, ਅਤੇ ਕਈ ਕੁਝ ਹੋਰ ਦਾ ਪਾਤਰ ਹੈ । . . . ਜੋ ਕਿ ਇਕ **'ਰਾਮ ਅਤੇ ਸਯਾਮ' ਲਿਖਾਰੀ ਜੋੜੀ** ਦੀ ਬੜੀ ਤੀਬਰ ਬੁਧੀ ਦੀ ਉਪਜ ਹਨ । ਜਿਸ ਨਾਲ ਕਿ, ਉਨਾਂ ਨੇ ਕਈ ਉਪਰੋਤਕ ਬੇਸਮਝ ਸਿੱਖ ਝੁਡੂਆਂ ਨੂੰ, ਭੁਲੇਖਾ ਪਾ ਕੇ, ਇਹ ਯਕੀਨ ਦਵਾਉਣ 'ਚ ਕਾਮਯਾਬੀ ਹਾਸਲ ਕੀਤੀ ਹੈ, ਕਿ ਇਹ ਰਾਇ, ਅਸਲ ਵਿਚ ਸਿੱਖਾਂ ਦੇ ਦਸਵੇਂ **ਗੁਰੂ ਗੋਬਿੰਦ ਰਾਇ** ਹਨ । ਜੋ ਕਿ ਸਿਰੇ ਦਾ ਝੂਠ ਹੈ ।

ਫਿਰ **ਚਰਿਤ੍ਰ ੨੩-ਸਫਾ ੮੮੩** ਮੁਤਾਬਿਕ, ਦੂਸਰੇ ਹੀ ਸਵੇਰੇ, ਉਠਦੇ ਸਾਰ, ਰਾਇ ਆਪਣਾ ਦੀਵਾਨ ਲਾਕੇ, **ਝੂਠ ਬੋਲਦਾ ਹੋਇਆ** ਆਪਣੇ ਸਿੱਖਾਂ ਨੂੰ ਕਹਿੰਦਾ ਹੈ । ਕਿ ਕਲ ਕੋਈ ਚੋਰ ਮੇਰੀ **ਜੁੱਤੀ ਤੇ ਸ਼ੌਲ** ਚੋਰੀ ਕਰ ਕੇ ਲੈ ਗਿਆ ਹੈ । ਤੇ ਜਿਹੜਾ ਵੀ ਉਸ ਚੋਰ ਨੂ ਫੜ ਕੇ ਲਿਆਊ, ਉਸ ਨੂੰ ਸਿਧੀ ਸਵਰਗ ਦੀ ਟਿਕਟ । ਦੂਸਰੇ ਪਾਸੇ, ਸਵੇਰੇ ਹੀ, ਨੂਪ ਕੁਅਰਿ ਰਾਤ ਵਾਲੇ ਚੋਰ ਦੀ **ਜੁੱਤੀ ਤੇ ਸ਼ੌਲ** ਘਰ ਦੇ ਬਾਹਰ ਇਹ ਕਹਿ ਕੇ ਟੰਗ ਦਿੰਦੀ ਹੈ । ਕਿ ਇਹ **ਜੁੱਤੀ ਤੇ ਸ਼ੌਲ, ਕਲ** ਰਾਤ ਵਾਲਾ ਚੋਰ, ਭਜਣ ਵੇਲੇ ਪਿਛੇ ਛਡ ਗਿਆ ਹੈ । ਗਲ ਕੀ, ਰਾਇ ਦਾ ਹੁਕਮ ਸੁਣ ਕੇ, ਸਿਖ **ਨੂਪ ਕੋਅਰਿ** ਦੇ ਘਰ ਜਾਂਦੇ ਹਨ ਤੇ ਸਣੇ ਜੁੱਤੀ ਤੇ ਸ਼ੌਲ ਨੂਪ ਕੁਅਰਿ ਨੂੰ ਫੜ ਕੇ ਦੀਵਾਨ ਵਿਚ ਲੈ ਆਉਂਦੇ ਹਨ । ਜਿਥੇ ਕਿ ਸਿਖਾਂ ਦੇ ਜਥੇ ਅਤੇ ਰਾਇ ਤੋਂ ਡਰੀ ਹੋਈ ਨੂਪ ਕੁਅਰਿ ਦਾ ਡਰਦੀ ਦਾ ਦਿਲ ਧੱਕ ਧੱਕ ਕਰਦਾ ਹੈ । ਤੇ ਉਸ ਤੋਂ ਬੋਲ ਵੀ ਨਹੀ ਹੁੰਦਾ । ਇਸ ਤਰਾਂ ਦੇ ਮਹੌਲ ਵਿਚ ਰਾਇ ਭਰੇ ਦੀਵਾਨ ਵਿਚ ਫਿਰ **ਹੋਰ ਝੂਠ ਬੋਲਦਾ** ਹੋਇਆ ਨੂਪ ਕੁਅਰਿ ਤੇ ਜੁੱਤੀ ਤੇ ਸ਼ੌਲ ਚੋਰੀ ਕਰਨ ਦਾ ਦੋਸ਼ ਲਾ ਕੇ ਪੁਛਦਾ ਹੈ । ਕਿ ਉਸ ਨੇ ਰਾਇ ਦੀ ਜੁੱਤੀ ਤੇ ਸ਼ੌਲ ਕਿਉਂ ਚੋਰੀ ਕੀਤੀ ਹੈ । ਜਿਸ ਬਾਰੇ ਡਰਦੀ ਹੋਈ ਨੂਪ ਕੁਅਰਿ ਕੁਝ ਵੀ ਬੋਲ ਨ ਸਕੀ । ਇਸ ਕਰਕੇ **ਰਾਇ ਆਪਣੇ ਸਿਖਾਂ** ਨੂੰ ਹੁਕਮ ਦਿੰਦਾ ਹੈ ਕਿ ਕਿਸੇ ਨੇ ਵੀ ਇਸ ਨੂੰ ਕੁਝ ਨਹੀ ਕਹਿਣਾ, ਤੇ ਅਸੀ ਇਸ ਨਾਲ ਪ੍ਰਾਈਵੇਟ ਮੀਟਿੰਗ ਵਿਚ ਗਲ ਕਰਾਂਗੇ ।

ਅਤੇ ਉਸ ਤੋ ਬਾਦ ਆਪਣੀ ਉਸ ਮੀਟਿੰਗ ਵਿਚ; . . . 1) ਰਾਇ ਨੂਪ ਕੁਅਰਿ ਕੋਲੋਂ ਮੁਆਫੀ ਮੰਗਦਾ ਹੈਂ। ਅਤੇ . . . 2) ਨੂਪ ਕੋਅਰ ਦੇ ਭਰਾ (ਜਿਸ ਨੇ ਕਿ ਪਿਛਲੀ ਰਾਤ, ਭੁਲੇਖੇ ਨਾਲ, ਰਾਏ ਦੇ ਥਾਂ ਬਹੁਤ ਜੁਤੀਆਂ ਖਾਣ) ਹਿਤ, ਉਸ ਦੇ ਭਰਾ ਨੂੰ ਜੇਲ ਵਿਚੋਂ ਛਡਵਾ ਕੇ, ਖੁਸ਼ ਕਰਨ ਲਈ ਤਰਾਂ ਤਰਾਂ ਦੀਆੱ ਜਨਾਨੀਆਂ ਸਪਲਾਈ ਕਰਨ ਦਾ ਵਾਇਦਾ, ਅਤੇ. . . 3) ਨੂਪ ਕੋਅਰ ਦਾ ਮੂੰਹ ਬੰਦ ਕਰਨ ਲਈ **ਹਰ ਛੇ ਮਹੀਨਿਆਂ ਬਾਦ ੨੦,੦੦੦ ਰੁਪਈਆ** ਦੇਣਾ ਕਰਦਾ ਹੈ । ਜੋ ਕਿ ਅਜਕਲ ਦੇ ਲਖਾਂ (ਰੁਪਏ ਨਹੀਂ) ਡਾਲਰਾਂ ਦੇ ਬਰਾਬਰ ਹਨ।

**c) ਇਨਾਂ ਚਰਿਤ੍ਰਾਂ ਦੇ ਲੇਖਕ ਦਾ ਨਾਮ:** . . . ਜੋ ਕਿ ਇਨਾਂ ਦੇ **ਕਵੀ ਰਾਮ** ਨੇ **ਚਰਿਤ੍ਰ ੧੮, ਵਿਚ ਇਸ ਤਰਾਂ ਲਿਖਿਆ ਹੈ** । . . . (ਦੋਹਰਾ ॥ ਕਥਾ ਸਤ੍ਰਾਵੀ **ਰਾਮ ਕਬਿ** ਉਚਰੀ ਹਿਤ ਚਿਤ ਲਾਇ ॥ **ਚਰਿਤ੍ਰ ੧੮, ੮੩੫)** । ਅਤੇ ਜੋ ਇਨਾਂ ਦੇ **ਕਵੀ ਸਯਾਮ** ਨੇ **ਚਰਿਤ੍ਰ ੪੦੦, ਵਿਚ ਇਸ ਤਰਾਂ ਲਿਖਿਆ ਹੈ** । . . .(ਇਹ ਬਿਧਿ ਛਲਿ ਪਿਰ ਮਾਤ ਕਹ ਗਈ ਮਿਤ੍ਰ ਕੇ ਸੰਗ । **ਕਬਿ ਸਯਾਮ** ਪੂਰਨ ਭਯੋ ਤਬ ਹੀ ਕਥਾ ਪ੍ਰਸੰਗ ।੧੦।੧॥ **ਚਤਿਤ੍ਰ ੪੦੦, ਪਨਾ ੧੩੫੫)** ਜਿਸ ਦਾ ਸੰਖੇਪ ਮਤਲਬ ਹੈ ਕਿ; * ਚਰਿਤ੍ਰਾਂ ਦੇ ਸੰਗ੍ਰਹਿ ਦੇ ਕਰਤਾ (ਕਵੀ) **ਕਬਿ ਰਾਮ** ਅਤੇ **ਕਬਿ ਸਯਾਮ** ਹਨ । ਅਤੇ **ਗੁਰੂ ਗੋਬਿੰਦ ਸਿੰਘ ਸਾਹਿਬ** ਨਹੀ ਜਿਸ ਤਰਾਂ ਕਿ ਕੁਝ ਚਲਾਕ ਦੁਸ਼ਮਣ, ਭੋਲੇ ਭਾਲੇ ਸਿੱਖਾਂ ਨੂੰ ਝੁਡੂ ਬਣਾ ਕੇ ਮਨਵਾਈ ਫਿਰਦੇ ਹਨ । ਆਉ ਕਦੀ ਨ ਭੁਲੀਏ ਕਿ ਇਸ ਕਥਿਤ ਦਸਮ ਗ੍ਰੰਥ ਵਿਚ ਗੁਰੂ 'ਨਾਨਕ ਯਾ ਗੋਬਿੰਦ' ਦੀ ਛਾਪ ਇਕ ਵੇਰੀ ਵੀ ਨਹੀਂ । ਜਿਥੇ ਕਿ ਇਸ ਦੇ ਕਰਤਾ ਰਾਮ ਅਤੇ ਸਯਾਮ ਦੀਆਂ ਛਾਪਾਂ ਥਾਂ ਥਾਂ ਤੇ ਹਨ । ਅਤੇ ਇਸੇ ਤਰਾਂ ਹੀ;

d) **"ਕਬਯੋ ਬਾਚ ਬੇਨਤੀ ॥** ਚੋਪਈ ॥ ਹਮਰੀ ਕਰੋ ਹਾਥ ਦੇ ਰਛਾ. . ".ਜੋ ਕਿ ਚਰਿਤ੍ਰੋ ਪਾਖਯਾਨ ਦੇ ਚਰਿਤ੍ਰ ੪੦੪ ਦਾ ਅਟੁਟਵਾਂ ਅੰਗ ਹੈ। ਉਸ ਦੇ ਕਰਤਾ ਵੀ **ਕਬਿ ਰਾਮ** ਅਤੇ **ਕਬਿ ਸਯਾਮ** ਹਨ। ਅਤੇ **ਗੁਰੂ ਗੋਬਿੰਦ ਸਿੰਘ ਸਾਹਿਬ** ਬਿਲਕੁਲ ਨਹੀਂ ਹਨ।

ਸੋ, ਇਹ ਸਭ ਕੁਝ ਹੁੰਦੇ ਅਤੇ ਜਾਣਦੇ ਹੋਏ, ਜੇ ਕੋਈ ਸਿਖ, ਅਜ ਕਲ ਦੇ ਗੁਤਕਿਆਂ ਚੌਪਈ ਦੇ ਅਗੇ, ਕਿਸੇ ਦੇ ਸਿਰਫ ਚਲਾਕੀ ਨਾਲ ਲਿਖੇ "**੧ਓ ਵਾਹਿਗੁਰੂ ਜੀ ਕੀ ਫਤਹ ॥ ਪਾ: ੧੦ ॥**" ਦੇ ਝਾਂਸੇ ਵਿਚ ਆ ਕੇ ਇਸ '**ਕਬਯੋ ਬਾਚ ਬੇਨਤੀ ॥** ਚੋਪਈ ॥' ਨੂੰ **ਗੁਰੂ ਗੋਬਿੰਦ ਸਿੰਘ ਸਾਹਿਬ ਦੀ ਕ੍ਰਿਤ** ਕਹਿੰਦਾ ਹੈ। ਤਾਂ ਕੀ ਇਹ, ਉਸ ਨਾਲ ਜ਼ਿਆਦਤੀ ਹੋਵੇਗੀ? ਜੇ ਕੋਈ ਉਸ ਦੀ ਅਕਲ ਤੇ ਪ੍ਰਸ਼ਨ ਚਿੰਨ ਲਾਵੇ!

**(ਨੋਟ ੧;** ਇਨਾਂ ਚਰਿਤ੍ਰਾਂ ਦਾ ਸੰਖੇਪ ਅਤੇ ਸਰਲ ਪੰਜਾਬੀ ਰੂਪ ਆਪ ਨੇ ਪੜਿਆ ਹੈ। ਅਤੇ ਇਸ ਦਾ। ਵਿਸਥਾਰ ਰੂਪ ਇਸ ਲਿਖਤ ਦੇ ਅਖੀਰ ਵਿਚ ਲਿਖਿਆ ਹੋਇਆ ਹੈ।)

( **ਨੋਟ ੨:** ਵਰਤਮਾਨ ਚੋਪਈ ਦੀਆਂ ਪਉੜੀਆਂ ਦੇ **ਨੰਬਰ ਬਦਲੇ** ਹੋਏ ਹਨ। ਪਰ ਕਿਉ ? ਅਤੇ ਕਿਸ ਹੇਰਾਫੇਰੀ ਲਈ ? ਅਤੇ ਜੇ ਇਹ ਗੁਰੂ ਕ੍ਰਿਤ ਹੈ। ਤਾਂ ਕੀ ਸਾਡੇ ਚੋਂ ਕਿਸੇ ਨੂੰ ਇਸ ਦੇ ਨੰਬਰ ਬਦਲਣ ਦਾ ਹੱਕ ਹੈ ? ਸਾਫ ਜਵਾਬ ਹੈ: ਨਹੀਂ)

**੩) ਸਵੈਯਾ: ('ਪਾਇੰ ਗਹੇ ਜਬ ਤੇ ਤੁਮਰੇ') ਅਤੇ ਦੁਹਰਾ ('ਸਗਲ ਦੁਆਰ ਕਉ ਛਾਡਿ ਕੈ')** . . . ਦੇ ਕਰਤਾ। . . . ਕੀ ਗੁਰੂ ਗੋਬਿੰਦ ਸਿੰਘ ਸਾਹਿਬ ਹਨ?

ਇਸ ਵਿਚ ਕੋਈ ਸ਼ਕ ਨਹੀਂ। ਕਿ ਜਦ ਵੀ ਸਿੱਖ ਜਗਤ ਵਿਚ ਕੋਈ ਸਿੱਖ ਅਖਾਂ ਮੀਚ ਕੇ ਇਸ ਦੋਹਰੇ **('ਸਗਲ ਦੁਆਰ ਕਉ ਛਾਡਿ ਕੈ'** ਦੀ ਅੰਤਿਕ ਲਾਈਨ ਵਿਚ ਅਖਰ "ਗੋਬਿੰਦ" ਵਾਲੀ ਲਾਈਨ "ਗੋਬਿੰਦ ਦਾਸ ਤੁਹਾਰ" ਪੜਦਾ ਹੈ ॥ ਤਾਂ ਉਸ ਦੇ ਦਿਲ ਵਿਚ ਪਕਾ ਯਕੀਨ ਹੋ ਜਾਂਦਾ ਹੈ। ਕਿ ਸਾਰੀ **ਚੌਪਈ, ਸਵੈਯਾ, ਅਤੇ ਦੋਹਰਾ** ਗੁਰੂ ਗੋਬਿੰਦ ਸਿੰਘ ਸਾਹਿਬ ਦੇ ਲਿਖੇ ਹੋਏ ਹਨ। ਅਤੇ ਇਹ ਹੀ ਹੈ ਇਸ ਦੀ **ਉਸਤਾਦੀ**।

**ਸਵੈਯੇ ਤੇ ਦੋਹਰੇ ਬਾਰੇ ਜਾਣਕਾਰੀ:** . . . ਇਹ ਸਵੈਯਾ ਅਤੇ ਦੋਹਰਾ ਇਸ ਉਪਰ ਲਿਖੀ ਥਾਂ ਦੀ ਬਜਾਏ ਕਥਿਤ-ਦਗ; ਦੇ "ਚਉਬੀਸ ਅਵਤਾਰ" ਦੇ ੨੦ਵੇਂ ਅਵਤਾਰ 'ਰਾਮ ਆਵਤਾਰ' ਦੀ ਰਾਮਾਇਣ ਕਥਾ ਦੇ ਅਖੀਰ ਵਿਚ (ਕਥਿਤ-ਦਗ ਪਨਾ ੨੫੪) ਤੇ ਇਸ ਦੇ ਅਟੁਟਵੇ ਅੰਗਾਂ ਦੇ ਤੌਰ ਤੇ ਲਿਖੇ ਹੋਇ ਹਨ।

**ਸਵੈਯਾ: ('ਪਾਇੰ ਗਹੇ ਜਬ ਤੇ ਤੁਮਰੇ') ਅਤੇ ਦੁਹਰਾ ('ਸਗਲ ਦੁਆਰ ਕਉ ਛਾਡਿ ਕੈ')॥ ਦੇ ਸਿਰਲੇਖ ਅਤੇ ਅੰਤਕਾ ਦੇ ਦਰਸ਼ਣ:**

**a) 'ਰਾਮ ਅਵਤਾਰ' ਦੀ ਅੰਤਕਾ:** . . .ਜਾਨਕੀ ਬਿਯੋਗ ॥ ੮੫੦ ॥

ਇਤਿ **ਸ੍ਰੀ ਬਚਿਤ੍ਰ ਨਾਟਕ ਰਾਮਵਤਾਰੇ ਸੀਤਾ** ਕੇ ਹੇਤ ਮ੍ਰਿਤ ਲੋਕ ਮੇ ਗਏ ਧਿਆਇ ਸਮਾਪਤਮ ॥ (ਕਥਿਤ-ਦਗ; ਪਨਾ ੨੫੩)

**b) ਪਉੜੀ ੮੬੨: ਸਵੈਯੇ ਦਾ ਇਸ਼ਟ** : . . .

ਸਾਧ ਅਸਾਧ ਜਾਨੋ ਨਹੀ ਬਾਦ ਸੁਬਾਦ ਬਿਬਾਧ ॥ ਗ੍ਰੰਥ ਸਕਲ ਪੂਰਣ ਕੀਯੋ **ਭਗਵਤ ਕ੍ਰਿਪਾ** ਪ੍ਰਸਾਦਿ ॥੮੬੨॥

ਮਤਲਬ: . . . ਕਿ ਅਸੀ, ਕਬਿ ਸਯਾਮ ਅਤੇ ਰਾਮ ਨੇ ਇਹ ਰਾਮਾਇਣ ਵਾਲਾ ਗ੍ਰੰਥ, ਸਾਡੀ **ਇਸ਼ਟ ਭਗਵਤ (ਦੇਵੀ ਦੁਰਗਾ)** ਦੀ ਕ੍ਰਿਪਾ ਨਾਲ ਪੂਰਾ ਕੀਤਾ ਹੈ।

**c) ਪਉੜੀਆਂ ੮੬੩, ੮੬੪:**

**ਸਵੈਯਾ। ਪਾਂਇ ਗਹੇ ਜਬ ਤੇ ਤੁਮਰੇ** . . . ਮੈ ਨ ਕਹਿਯੋ ਸਭ ਤੁਹਿ ਬਖਾਨਿਯੋ ॥੮੬੩॥ ਦੋਹਰਾ ॥ **ਸਗਲ ਦੁਆਰ ਕਉ ਛਾਡਿ ਕੈ ਗਹਯੋ ਤੁਹਾਰੋ ਦੁਆਰ ॥ ਬਾਹਿ ਗਹੇ ਕੀ ਲਾਜ ਅਸ ਗੋਬਿੰਦ ਦਾਸ ਤੁਹਾਰ** ॥੮੬੪॥

ਇਤਿ **ਸ੍ਰੀ ਰਾਮਾਇਣ** ਸਮਾਪਤਮ ਸਤੁ ਸੁਭਮ ਸਤੁ॥. . . (Ref: ਕਥਿਤ ਦਗ: Pg. 254)

**(ਨੋਟ ਕਰੋ ਜੀ:)** . . . ੧) ਕਿ ਇਹ ਸਵੈਯਾ ਰਾਮਾਇਣ ਕਥਾ ਦੀਆਂ ਪਉੜੀਆਂ ੮੬੨, ੮੬੩,ਅਤੇ ੮੬੪ ਕਰਕੇ ਸ੍ਰੀ ਰਾਮਾਇਣ ਕਥਾ ਦਾ ਅਟੁਟਵਾਂ ਅੰਗ ਹੈ। ਜਿਹੜਾ ਕਿ ਦੇਵੀ ਦੁਰਗਾ ਦੀ ਕਿਰਪਾ ਨਾਲ ਪਰਗਟ ਹੋਇਆ ਹੈ।

੨) ਇਸ ਲਈ ਇਸ ਦੀ ਪਉੜੀ ੮੬੪ ਵਿਚ, ਪਉੜੀ ੮੬੨ ਮੁਤਾਬਿਕ, ਅਖਰ **"ਗੋਬਿੰਦ"** ਦਾ ਮਤਲਬ ਹੈ; ਹੇ **ਦੁਰਗਾ,** ਸ੍ਰਿਸ਼ਟੀ ਦੀ ਰਖਿਅਕ। ਅਤੇ ਅਖਰ **"ਦਾਸ ਤੁਹਾਰ"** ਦਾ ਮਤਲਬ ਹੈ **"ਤੇਰੇ ਦਾਸ, ਕਵੀ ਰਾਮ, ਤੇ ਕਵੀ ਸਯਾਮ"**। . . . ਅਤੇ ਕਦਾਚਿਤ ਵੀ ਇਸ ਦਾ ਮਤਲਬ ਮੈ **ਗੋਬਿੰਦ ਸਿੰਘ** (ਦਾਸ ਤੁਹਾਰ) ਨਹੀ ਬਣਦਾ।

੩) ਨਾ ਹੀ ਇਹ **ਸਵੈਯਾ,** ਅਤੇ ਨਾ ਹੀ ਇਹ **ਦੋਹਰਾ,** '**ਕਬਯੋ ਬਾਚ** ਬੇਨਤੀ ਚੌਪਈ' ਦਾ ਅੰਗ ਹਨ। ਅਤੇ ਨ ਹੀ ਇਨਾਂ ਦੋਨਾਂ ਵਿਚੋਂ ਕੋਈ, ਸਣੇ (ਨਾਨਕ ਯਾ ਗੋਬਿੰਦ ਅਖੱਰ ਤੋਂ ਸਖਣੀ) ਚੌਪਈ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਹੈ। ਇਸ ਲਈ ਇਸ ਸਥਿਤੀ ਵਿਚ, ਕਿਹੜਾ ਟਰਿੱਕ (trick) ਯਾ ਹੇਰਾਫੇਰੀ ਹੈ, ਜਿਸ ਰਾਹੀਂ ਕਿ ਸਾਰੇ ਸਿੱਖ ਜਗਤ ਨੂੰ ਉਲੂ ਬਣਾ ਕੇ ਇਹ ਯਕੀਨ ਦਵਾਇਆ ਗਿਆ, ਕਿ ਇਹ ਤਿਨੋਂ ਦੇ ਤਿਨ (ਚੌਪਈ, ਸਵੈਯਾ, ਅਤੇ ਦੋਹਰਾ) ਗੁਰੂ ਕ੍ਰਿਤ ਨਾ ਹੋਣ ਦੇ ਬਾਬਜੂਦ, ਗੁਰੂ ਕ੍ਰਿਤ ਹਨ ? - - - **ਬੜਾ ਸੁਆਦੀ ਹੈ ਇਹ ਟਰਿੱਕ !** ਬਸ, ੧੧੩੨ ਸਫੇ ਲਾਂਭੇ ਸਫਾ ੨੫੪ (ਕਥਿਤ-ਦਗ) ਦੇ ਦੋਹਰੇ ਵਿਚ ਆਉਂਦੇ ਅਖੱਰ 'ਗੋਬਿੰਦ" ਦਾ ਪੂਰਾ ਫਾਇਦਾ ਉਠਾਉਂਦੇ ਹੋਏ, ਇਸ ਦੋਹਰੇ ਨੂੰ ਬੜੀ ਉਸਤਾਦੀ ਨਾਲ ਚੁਕ ਕੇ, ਦੂਜੇ ਦੋ (ਚੌਪਈ ਤੇ ਸਵੈਯੇ) ਨਾਲ ਜੋੜਨ ਦੀ ਲੋੜ ਸੀ। ਜੋ ਜੋੜ ਦਿਤਾ। ਅਤੇ ਇਸ ਹੇਰਾਫੇਰੀ ਨਾਲ ਸਾਰਿਆਂ ਨੂੰ ਉਲੂ ਬਣਾ ਕੇ ਯਕੀਨ ਦਿਵਾ ਦਿਤਾ, ਕਿ ਇਹ ਤਿਨੋਂ ਹੀ (ਚੌਪਈ, ਸਵੈਯਾ, ਅਤੇ ਦੋਹਰਾ) ਗੁਰੂ ਕ੍ਰਿਤ ਨਾ ਹੋਣ ਦੇ ਬਾਬਜੂਦ, ਗੁਰੂ ਕ੍ਰਿਤ ਹਨ। ਕਿਉਂਕਿ ਉਸਤਾਦਾਂ ਨੂੰ ਪਤਾ ਸੀ। ਕਿ ਅਖੱਰ 'ਗੋਬਿੰਦ' ਦੀ ਝੱਲਕ ਥਲੇ ਨਾ ਤਾਂ ਕਿਸੇ ਨੇ ਪੁਛਣਾ ਹੈ, ਅਤੇ ਨਾ ਹੀ ਕਿਸੇ ਨੂੰ ਯਾਦ ਹੋਣਾ ਹੈ। ਕਿ ੧੧੩੨ ਸਫੇ ਪਹਿਲਾਂ ਰਮਾਇਣ ਕਥਾ ਦੀ ਅੰਤਕਾ ਵਿਚ ਲਿਖੇ ਇਸ ਦੋਹਰੇ ਵਿਚ, ਇਸ ਅਖਰ 'ਗੋਬਿੰਦ" ਦਾ ਮਤਲਬ ਹੈ 'ਦੁਰਗਾ'। ਅਤੇ 'ਗੁਰੂ ਗੋਬਿੰਦ ਸਿੰਘ' ਨਹੀਂ।

**੪)** ਸਵੈਯੇ ਦੀ ਆਖਰੀ ਲਾਈਨ। ਜੋਕਿ ਸਾਰੇ ਸਿਖ ਜਗਤ ਨੂੰ ਬੇਵਕੂਫ ਬਣਾਓਣ ਲਈ ਸਾਰਿਆਂ ਤੋਂ ਲਕੋਈ ਗਈ ਹੈ। ਉਹ ਲਾਇਨ ਹੈ। "ਇਤਿ **ਸ੍ਰੀ ਰਾਮਾਇਣ** ਸਮਾਪਤਮ ਸਤੁ ਸੁਭਮ ਸਤੁ॥"। ਸੋਈ, ਇਸ ਲਾਈਨ ਦੇ ਮਦੇ ਨਜ਼ਰ ਸਿਖਾਂ ਨੂੰ ਕੋਈ ਪੁਛੇ ਕਿ, ਕੀ ਗੁਰੂ ਗੋਬਿੰਦ ਸਿੰਘ ਜੀ ਸਾਰੀ ਉਮਰ ਰਮਾਇਣ ਲਿਖਣ 'ਚ ਹੀ ਰੁਝੇ ਰਹੇ?

## ਦੋਹਰੇ ਦੇ ਅਖੱਰ "ਗੋਬਿੰਦ" ਦਾ ਚਮਤਕਾਰ:

ਕੋਈ ਸ਼ਕ ਨਹੀਂ, ਕਿ ਉਪਰ ਲਿਖੇ ਅਖੱਰ 'ਗੋਬਿੰਦ' ਨਾਲ, ਬੜੀ ਉਸਤਾਦੀ ਨਾਲ ਕੀਤੀ ਹੋਈ ਹੇਰਾਫੇਰੀ ਅਤੇ ਖਿਲਵਾੜ, ਪਹਿਲੀ ਨਜ਼ਰੇ, ਬੜੀ ਮਸੂਮ ਅਤੇ ਸਾਧਾਰਣ ਜਹੀ ਚੀਜ਼ ਲਗਦੀ ਹੈ। ਪਰ ਜਦੋਂ ਇਸ ਦੀ ਚਲਾਕੀ ਅਤੇ ਉਸਤਾਦੀ ਦੀ ਡੂੰਘਾਈ ਦੀ ਸਮਝ ਆਉਂਦੀ ਹੈ। ਤਾਂ ਆਮਹਾਰੇ ਹੀ ਇਸ ਹੇਰਾਫੇਰੀ ਅਤੇ ਖਿਲਵਾੜ ਦੇ ਉਸਤਾਦਾਂ ਅਤੇ ਕਰਤਿਆਂ ਅਗੇ ਸਿਰ ਝੁਕ ਜਾਂਦਾ ਹੈ। ਤੇ ਅੰਦਰੋਂ ਇਕ ਮਧਮ ਜਹੀ ਅਵਾਜ਼ ਨਿਕਲਦੀ ਹੈ। ਜੋ ਕਹਿੰਦੀ ਹੈ, ਕਿ "ਬਲੇ ਉਹ ਉਸਤਾਦੋ, ਅਸੀ ਤੁਹਾਡੀ ਦੋਹਰੇ ਦੇ ਅਖੱਰ 'ਗੋਬਿੰਦ' ਨਾਲ ਕੀਤੀ ਹੋਈ ਉਸਤਾਦੀ ਅਗੇ ਸਿਰ ਝੁਕਾਉਂਦੇ ਹਾਂ। ਜਿਸ ਨਾਲ ਕਿ ਤੁਸੀ ਸਾਰੀ ਸਿੱਖ ਕੌਮ ਨੂੰ ਭੰਬਲਭੂਸੇ ਵਿਚ ਪਾਉਣ ਦੀ ਖੇਲ ਦਾ ਬੜਾ ਕਾਮਯਾਬ ਤਗਮਾ ਜਿੱਤ ਮਾਰਿਆ ਹੈ"।

ਇਸ ਲਈ, ਸਿਖੀ ਹਿਤ ਇਸ ਭੰਬਲਭੂਸੇ ਚੋਂ ਸਦੀਵੀ ਬਾਹਰ ਨਿਕਲਣ ਲਈ ਅਤੇ ਉਸ ਉਸਤਾਦੀ ਤੋਂ ਜਾਗਰਤ ਹੋਣ ਲਈ, ਆਉ ਦੇਖੀਏ, ਕਿ ਉਹ ਕਿਹੜੀਆਂ ਕਾਮਯਾਬ ਸਿਖਾਂ ਦਾ ਮਨ ਬੱਸ ਕਰਨ ਵਾਲੀਆਂ **ਪ੍ਰਾਪਤੀਆਂ** ਹਨ, ਜਿਸ ਨਾਲ ਕਿ ਇਸ ਦੇ ਕਰਤਿਆਂ ਨੇ ਬੜੇ ਮਸੂਮ ਜਹੇ ਚਮਤਕਾਰ ਅਖਰ '**ਗੋਬਿੰਦ**' ਦੀ ਦੁਰਵਰਤੋਂ ਕਰਕੇ ਸਿਖ ਮਾਨਸਕਤਾ ਨੂੰ ਆਪਣੇ ਬਸ ਕਰਨ ਦੀ ਮਲ ਮਾਰੀ ਹੈ।

**ੳ) ਤਬਾਦਲਾ - ਧਾਰਮਿਕ ਉਚਤਾ ਦਾ (ਗੈਰ ਸਿੱਖ ਅਧਾਰ ਕਵਤਾ ਤੋਂ - > ਸਿੱਖ ਨਿਤਨੇਮ);**

- **ਚ੍ਰਿਤ੍ਰੋਪਾਖਿਆਨ** ਦੇ ਚ੍ਰਿਤਰ ੪੦੪ ਦੀ **ਚੌਪਈ** --> ਸਿੱਖ ਨਿਤਨੇਮ - ਰਹਿਰਾਸ
- **ਰਮਾਇਣ** ਕਥਾ ਦਾ **ਸਵੈਯਾ** --> ਸਿੱਖ ਨਿਤਨੇਮ - ਰਹਿਰਾਸ
- **ਰਮਾਇਣ** ਕਥਾ ਦਾ **ਦੋਹਰਾ** --> ਸਿੱਖ ਨਿਤਨੇਮ - ਰਹਿਰਾਸ

**ਅ) ਤਬਾਦਲਾ - ਲੇਖਕ ਦੇ ਨਾਮ ਦਾ (ਦੁੱਕੀ ਤਿੱਕੀ -- > ਗੁਰੂ ਗੋਬਿੰਦ ਸਿੰਘ ਸਾਹਿਬ);**

- **ਚ੍ਰਿਤ੍ਰੋਪਾਖਿਆਨ** ਦੇ ਲੇਖਕ ਰਾਮ ਤੇ ਸਯਾਮ --> ਗੁਰੂ ਗੋਬਿੰਦ ਸਿੰਘ ਸਾਹਿਬ
- **ਰਮਾਇਣ ਸਵੈਯੇ ਦੇ ਲੇਖਕ ਰਾਮ ਤੇ ਸਯਾਮ** --> ਗੁਰੂ ਗੋਬਿੰਦ ਸਿੰਘ ਸਾਹਿਬ
- **ਰਮਾਇਣ** ਦੇ **ਦੋਹਰੇ ਦੇ ਲੇਖਕ ਰਾਮ ਤੇ ਸਯਾਮ** --> ਗੁਰੂ ਗੋਬਿੰਦ ਸਿੰਘ ਸਾਹਿਬ

**ੲ) ਤਬਾਦਲਾ - ਪ੍ਰਭਸੁਤਾ ਦਾ (ਦਾਸੀ -- > ਸਾਹਿਬ);**

- **ਚਿਤ੍ਰ# ੪੦੪ ਦੀ ਦੁਰਗਾ (ਜਗ ਮਾਤਾ)** --> ਗੁਰੂ ਗੋਬਿੰਦ ਸਿੰਘ ਸਾਹਿਬ
- **ਰਮਾਇਣ ਸਵੈਯੇ ਦੀ ਦੁਰਗਾ** --> ਗੁਰੂ ਗੋਬਿੰਦ ਸਿੰਘ ਸਾਹਿਬ
- **ਰਮਾਇਣ** ਦੇ **ਦੋਹਰੇ ਦੀ ਦੁਰਗਾ** --> ਗੁਰੂ ਗੋਬਿੰਦ ਸਿੰਘ ਸਾਹਿਬ

**ਸ) ਤਬਾਦਲਾ - ਪ੍ਰਦਵੀ ਦਾ (ਗੁਰੂ ਗੋਬਿੰਦ ਸਿੰਘ ਸਾਹਿਬ -- > zero ਸਿਫਰ);**

- ਗੁਰੂ ਗੋਬਿੰਦ ਸਿੰਘ ਸਾਹਿਬ --> ਇਕ ਦੁਰਗਾ ਭਗਤ - zero
- ਗੁਰੂ ਗੋਬਿੰਦ ਸਿੰਘ ਸਾਹਿਬ --> ਲੇਖਕ - ਚਿਤ੍ਰੋਪਾਖਿਆਨ ਦਾ - zero
- ਗੁਰੂ ਗੋਬਿੰਦ ਸਿੰਘ ਸਾਹਿਬ --> ਲੇਖਕ - ਰਮਾਇਣ ਦੇ ਸਵੈਯੇ ਦਾ - zero
- ਗੁਰੂ ਗੋਬਿੰਦ ਸਿੰਘ ਸਾਹਿਬ --> ਲੇਖਕ - ਦੁਰਗਾ ਦੇ ਦੋਹਰੇ ਦਾ - zero

**ਨਚੋੜ: . . .** ਕਥਿਤ-ਦਗ ਦੀ ਅੰਦਰੂਨੀ ਸਬੂਤਾਂ ਦੇ ਅਧਾਰ ਤੇ, ਕਬਯੋ ਬਾਚ ਬੇਨਤੀ **ਚੌਪਈ, ਸਵੈਏ,** ਅਤੇ **ਦੋਹਰੇ** ਦੇ ਕਰਤਾ **ਕਬਿ ਰਾਮ,** ਤੇ **ਕਬਿ ਸਯਾਮ** ਹਨ। ਅਤੇ **ਗੁਰੂ ਗੋਬਿੰਦ ਸਿੰਘ ਸਾਹਿਬ ਕਦਾਚਿਤ ਨਹੀ**

## ੪) ॥ ਜਾਪੁ ॥ ਦੇ ਕਰਤਾ । . . . ਕੀ ਗੁਰੂ ਗੋਬਿੰਦ ਸਿੰਘ ਸਾਹਿਬ ਹਨ?

(ਕਥਿਤ-ਦਸਮ ਗ੍ਰੰਥ) ਪਨਾਂ ੧ ਉਤੇ ਰਚਨਾ **"ਜਾਪੁ"** ਦੀ ਸ਼ੁਰੂਆਤ ਇਸ ਤਰਾਂ ਹੁੰਦੀ ਹੈ ॥ . . ."੧ਓ ਸਤਿਗੁਰ ਪ੍ਰਸਾਦਿ ॥ ਸ੍ਰੀ ਵਾਹਿਗੁਰੂ ਜੀ ਕੀ ਫਤਹ ॥ ਜਾਪੁ ॥ ਸ੍ਰੀ ਮੁਖਵਾਕ ਪਾਤਸ਼ਾਹੀ ੧੦ ॥ ਛਪੈ ਛੰਦ ॥ ਤਵੈ ਪ੍ਰਸਾਦਿ ॥ ਚੱਕ੍ਰ ਚਿਹਨ ਅਰੁ . . . " ਆਦਿਕ। ਅਤੇ ਇਸ ਦੇ ਸਿਰਲੇਖ ਵਿਚ ਵੀ ਅਖਰ **"੧ਓ ਅਤੇ ਪਾਤਸ਼ਾਹੀ ੧੦",** ਇਸ ਗ੍ਰੰਥ ਦੇ ਬਾਕੀ ਸੰਗ੍ਰਿਹਾਂ ਵਾਂਙ ਹੀ ਲਿਖੇ ਹੋਏ ਹਨ। ਇਸ ਦੀ ਸਿੱਖਾਂ ਵਿਚ ਹਰਮਨ ਪਿਆਰਤਾ ਦੇਖ ਕੇ ਤਾਂ ਲਗਦਾ ਹੈ। ਕਿ ਇਸ ਨੂੰ ਘੋਖਣ ਦੀ ਕੋਈ ਲੋੜ ਨਹੀਂ।

ਪਰ, "ਗਰਮ ਦੁਧ ਦਾ ਜਲਿਆ ਹੋਇਆ, ਕਹਿੰਦੇ, ਲੱਸੀ ਨੂੰ ਵੀ ਫੂਕਾਂ ਮਾਰ ਮਾਰ ਪੀਂਦਾ ਹੈ।" ਦੇ ਅਖਾਣ ਮੁਤਾਬਿਕ, ਕਥਿਤ-ਦਗ ਦੇ ਲਿਖਾਰੀਆਂ **ਕਬਿ ਰਾਮ** ਅਤੇ **ਕਬਿ ਸਯਾਮ** ਦੀਆਂ 'ਸਿੱਖ ਅਰਦਾਸ, ਬੇਨਤੀ ਅਤੇ ਮਰਯਾਦਾ' ਵਿਚ ਕੀਤੀਆਂ ਹੋਈਆਂ ਚਲਾਕੀਆਂ ਤੇ ਹੇਰਾ ਫੇਰੀਆਂ ਦੇਖਣ ਤੋ ਬਾਦ ਇਹ ਲਗਦਾ ਹੈ। ਕਿ, ਕੀ ਇਥੇ ਵੀ ਇਹ ਦੇਖਣ ਦੀ ਲੋੜ ਹੈ ? ਕਿ ਕਿਧਰੇ **ਕਬਿ ਰਾਮ ਅਤੇ ਕਬਿ ਸਯਾਮ,** ਆਪਣੇ ਲਿਖੇ ਸੰਗ੍ਰਹਾਂ "ਚੌਬੀਸ ਅਵਤਾਰ" ਅਤੇ "ਚਰਿਤ੍ਰ ਪਾਖਯਾਨ" ਦੇ ਸਿਰਲੇਖਾਂ ਵਿਚ ਭਲੇਖਾ ਪਾਊ ਅਖੱਰ "੧ਓ" ਅਤੇ "ਪਾਤਸ਼ਾਹੀ ੧੦" ਲਿਖ ਕੇ, ਆਪਣੇ ਆਪ ਨੂੰ ਹੀ "ਪਾਤਸ਼ਾਹੀ ੧੦" ਸਮਝਣ ਵਾਙੂੰ, ਐਥੇ ਵੀ ਤਾਂ ਨਹੀਂ, ਉਹੀ, ਸਿਖਾਂ ਨੂੰ ਬੁਧੂ ਬਣਾਉਣ ਵਾਲਾ ਕਾਰਾ ਕਰ ਰਹੇ? ਆਉ, ਜ਼ਰਾ ਪੜਚੋਲੀਏ।

ਹੁਣ ਤਾਈਂ ਜੋ ਰੰਗ ਅਸੀ ਦੇਖਿਆ ਹੈ। ਉਹ ਇਹ ਹੈ, ਕਿ 'ਕਥਿਤ ਦਸਮ ਗ੍ਰੰਥ' ਅਸਲ ਵਿਚ ਦੋ ਵਿਸ਼ਾਲ ਗ੍ਰੰਥਾਂ (ਬਚਿਤ੍ਰ ਨਾਟਕ ਗ੍ਰੰਥ ਅਤੇ ਚਰਿਤ੍ਰ ਪਾਖਯਾਨ ਗ੍ਰੰਥ) ਦਾ ਸੰਗਠਨ ਹੈ ॥ ਅਤੇ ਉਨਹਾਂ ਗ੍ਰੰਥਾਂ ਵਿਚ **"੧ਓ ਸਤਿਗੁਰ ਪ੍ਰਸਾਦਿ ਅਤੇ ਪਾਤਸ਼ਾਹੀ ੧੦"** ਵਰਗੇ, ਕਈ ਸੰਗਰਹਾਂ ਦੇ ਭੁਲੇਖਾ ਪਾਊ ਸਿਰਲੇਖਾਂ ਦੇ ਲਿਖੇ ਹੋਣ ਦੇ ਬਾਬਜੂਦ ਵੀ; ਉਨਹਾਂ ਦੇ ਕਰਤਾ, **ਕਬਿ ਰਾਮ** ਅਤੇ **ਕਬਿ ਸਯਾਮ** ਹਨ। ਕਿਉਂਕਿ ਉਨਹਾਂ ਗ੍ਰੰਥਾਂ ਵਿਚ, **ਕਬਿ ਰਾਮ** ਅਤੇ **ਕਬਿ ਸਯਾਮ** ਨੇ ਆਪਣੇ ਨਾਮ ਥਾਂ ਥਾਂ ਤੇ ਅਨੇਕਾਂ ਬਾਰ ਆਪਣੀਆਂ ਰਚਨਾਵਾਂ ਵਿਚ ਲਿਖੇ ਹੋਏ ਹਨ। ਜਦਕਿ ਕਿਤੇ ਵੀ **ਗੁਰੂ ਸਾਹਿਬ ਦਾ ਨਾਮ,** ਕਿਸੇ ਵੀ ਰਚਨਾ ਵਿਚ, ਉਸ ਦੇ **'ਕਰਤਾ'** ਦੇ ਤੌਰ ਤੇ **ਇਕ ਵੇਰੀ ਵੀ ਨਹੀਂ** ਹੈ। ਅਤੇ ਉਹ ਹੀ ਹਾਲਤ ਹੈ; ਰਚਨਾ **"ਜਾਪੁ"** ਦੀ ਵੀ।

ਸਾਰੇ ਕਥਿਤ-ਦਗ ਦੀ ਸ਼ੈਲੀ ਮੁਤਾਬਿਕ; ਰਚਨਾ **'ਜਾਪੁ'** ਦੇ ਸਿਰਲੇਖ ਵਿਚ ਵੀ "੧ਓ ਸਤਿਗੁਰ ਪ੍ਰਸਾਦਿ ॥ ਸ੍ਰੀ ਵਾਹਿਗੁਰੂ ਜੀ ਕੀ ਫਤਹ ॥ ਜਾਪੁ ॥ ਸ੍ਰੀ ਮੁਖਵਾਕ ਪਾਤਸ਼ਾਹੀ ੧੦ ॥" ਦੇ ਅਖਰ ਤਾਂ ਜ਼ਰੂਰ ਲਿਖੇ ਹੋਏ ਹਨ। ਪਰ ਕਿਸੇ ਵੀ ਗੁਰੂ ਸਾਹਿਬ ਦਾ ਨਾਮ (ਨਾਨਕ ਯਾ ਗੋਬਿੰਦ) ਇਸ ਰਚਨਾ ਦੇ ਕਰਤਾ ਦੇ ਤੌਰ ਤੇ ਸਾਰੀ **ਜਾਪੁ** ਰਚਨਾ ਵਿਚ ਇਕ ਵੇਰੀ ਵੀ ਨਹੀਂ ਹੈ। ਸੋਈ ਇਹ ਦੇਖਣ ਲਈ ਕਿ, ਕੀ ਬਾਕੀ ਰਚਨਾਵਾਂ ਵਾਙ ਕਿਧਰੇ ਇਸ **ਜਾਪੁ** ਰਚਨਾ ਦੇ ਕਰਤਾ ਵੀ ਕਬਿ ਰਾਮ, ਅਤੇ ਕਬਿ ਸਯਾਮ ਤਾਂ ਨਹੀ ? ਸੋ, ਆਉ ਫਰੋਲੀਏ, ਥੋੜਾ ਜਿਹਾ ਆਲਾ ਦੁਆਲਾ।

ਇਸ ਗ੍ਰੰਥ ਨੂੰ ਥੋੜ੍ਹਾ ਜਿਹਾ ਹੀ ਫਰੋਲਣ ਤੇ ਪਤਾ ਲਗਦਾ ਹੈ। ਕਿ **ਕਬਿ ਰਾਮ ਅਤੇ ਕਬਿ ਸਯਾਮ (ਦੇਬੀ ਕਾਲਕਾ/ਦੁਰਗਾ + ਦੇਵਤਾ ਕਾਲ)** ਦੇ ਬੜੇ ਸ਼ਰਦਾਵਾਨ ਭਗਤ ਹਨ। ਜਿਸ ਹਿਤ ਕਿ ਉਨਾਂ ਨੇ ਇਹ ਸਾਰੇ ਦਾ ਸਾਰਾ **"ਬਚਿਤ੍ਰ ਨਾਟਕ ਗ੍ਰੰਥ"** ਰਚਿਆ ਹੈ। ਅਤੇ '**ਦਸਮ ਗ੍ਰੰਥ**' ਦੇ ਨਾਮ ਨਾਲ ਮਸ਼ਹੂਰ ਕੀਤਾ ਹੈ। ਸਿਰਫ, ਇਸ ਲਈ ਕਿ ਸਿਖ, ਬਗੈਰ ਸੋਚੇ ਸਮਝੇ, ਇਸ ਦੇ ਨਾਮ ਵਿਚ ਅਖਰ '**ਦਸਮ**' ਦੇਖਦੇ ਸਾਰ ਇਹ ਭੁਲੇਖਾ ਖਾ ਜਾਣ, ਤੇ ਕਹਿਣ; ਕਿ ਇਸ ਗ੍ਰੰਥ ਤਾਂ ਹੈ ਹੀ ਦਸਮੇ ਗੁਰੂ ਸਾਹਿਬ ਦਾ। ਅਤੇ ਉਹ ਦੋਨੋਂ, ਕਬਿ ਰਾਮ ਤੇ ਕਬਿ ਸਯਾਮ, ਆਪਣੇ ਚਹੇਤਿਆਂ ਸਮੇਤ ਦੂਰੋਂ ਬੈਠ ਕੇ ਤਮਾਸ਼ਾ ਦੇਖਣ। ਅੰਦਰੂਨੀ ਅਸਲੀਅਤ ਇਹ ਹੈ। ਕਿ ਉਹ ਦੋਨੋ ਕਬਿ ਰਾਮ ਅਤੇ ਕਬਿ ਸਯਾਮ ਹੀ ਹਨ, ਇਸ ਸਾਰੇ ਗ੍ਰੰਥ ਦੇ ਰਚਨਹਾਰ; ਸਣੇ ਰਚਨਾ '**ਜਾਪੁ**' ਦੇ ਵੀ। ਉਨਹਾਂ ਦੋਹਾਂ ਦੀ 'ਕਾਲਕਾ+ਕਾਲ' ਦੇ ਭਗਤ ਹੋਣ ਵਾਲੀ ਬਿਰਤੀ ਦੀ ਗਲ ਉਸ ਵੇਲੇ ਸਾਫ ਹੋ ਜਾਂਦੀ ਹੈ। ਜਦੋਂ ਕਿ ਉਨਹਾਂ ਦੀ '**ਜਾਪੁ**', '**ਦੇਵੀ ਜੂ ਕੀ ਉਸਤਤਿ**' ਅਤੇ '**ਰੁਦ੍ਰ ਅਵਤਾਰ**' ਨਾਮ ਦੀਆਂ ਰਚਨਾਵਾਂ ਵਿਚ ਕਰਮਵਾਰ ਵਰਤੇ (ਜਾਪੁ ਅਤੇ ਰੁਦ੍ਰ ਅਵਤਾਰ ਲਈ ਪੁਲਿੰਗ / ਦੇਵੀ ਉਸਤਤ ਲਈ ਇਸਤ੍ਰੀ ਲਿੰਗ) ਅਖਰਾਂ ਦੀ ਹੇਠ ਲਿਖੀ ****ਬੜੀ ਗੂਹੜੀ ਅਤੇ ਰਮਣੀਕ ਸਾਂਝ** ਦੇਖਦੇ ਹਾਂ। ਵਨੰਗੀ ਦੇ ਤੌਰ ਤੇ;

ਨਮੋ ਸਰਬ ਸੋਖੰ, ਨਮੋ ਸਰਬ ਪੋਖੰ ॥ ੨੭॥- ॥ਜਾਪੁ॥
ਨਮੋ ਪੋਖਣੀ ਸੋਖਣੀ ਸਰਬ ਭਰਣੀ ॥ . . . ॥੧੬॥- (ਕਥਿਤ-ਦਗ ਪਨਾ ੧੧੬- ਦੇਵੀ ਜੂ ਕੀ ਉਸਤਤ)

ਨਮੋ ਜੋਗ ਜੋਗੇ, ਨਮੋ ਭੋਗ ਭੋਗੇ ॥੨੮॥- ॥ਜਾਪੁ॥
ਨਮੋ ਜੋਗਣੀ ਭੋਗਣੀ ਪਰਮ ਪ੍ਰਗਯਾ ॥ . . ॥੨੧॥ (ਕਥਿਤ-ਦਗ ਪਨਾ ੧੧੭ - ਦੇਵੀ ਜੂ ਕੀ ਉਸਤਤ)

ਨਮੋ ਸਸਤ੍ਰ ਪਾਣੇ, ਨਮੋ ਅਸਤ੍ਰ ਮਾਣੇ . . .॥ ਪ੨ ॥ - ॥ਜਾਪੁ॥
ਤੁਹੀ ਸਸਤ੍ਰਣੀ ਅਸਤ੍ਰਣੀ ਆਪ ਰੂਪਾ ॥੪੨੧॥ - (ਕਥਿਤ-ਦਗ ਪਨਾ ੩੦੯- ਦੇਵੀ ਜੂ ਕੀ ਉਸਤਤ)

ਅਛੇਦੀ ਅਭੇਦੀ ਅਨਾਮੰ ਆਕਾਮੰ ॥ . . . ॥੬੧)- ॥ਜਾਪੁ॥
ਆਛੇਦੰ ਅਭੇਦੰ ਅਕਰਮੰ ਸੁ ਧਰਮੰ ॥੩੨॥ . . . - (ਕਥਿਤ-ਦਗ ਪਨਾ ੧੧੮- ਦੇਵੀ ਜੂ ਕੀ ਉਸਤਤ)

ਨਮੋ ਰਾਜਸੰ ਤਾਮਸੰ ਸ਼ਾਂਤਿ ਰੂਪੇ . . . ॥੧੮੬॥ ਜਾਪੁ ॥
ਤੁਹੀ ਰਾਜਸੀ ਮਾਤਸੀ ਤਾਮਸੀ ਹੈਂ . . . ॥੪੨੮॥- (ਕਥਿਤ-ਦਗ ਪਨਾ ੩੦੯- ਦੇਵੀ ਜੂ ਕੀ ਉਸਤਤ)

ਅਰੂਪ ਹੈਂ ॥ਅਨੂਪ ਹੈਂ ॥ ਅਜੂ ਹੈਂ ॥ ਅਭੂ ਹੈਂ ॥ ੨੯॥
ਅਲੇਖ ਹੈਂ ॥ ਅਭੇਖ ਹੈਂ ॥ ਅਨਾਮ ਹੈ ॥ ਅਕਾਮ ਹੈਂ ॥ ੩੦ ॥ - ॥ਜਾਪੁ॥
ਪ੍ਰਭੀ ਪੂਰਣੀ ਪਾਰਬਦਹਮੀ ਅਜੇਯੰ ॥ ਅਰੂਪੰ ਅਨੂਪੰ ਅਨਾਮੰ ਅਠਾਮੰ ॥
ਅਭੀਤੰ ਅਜੀਤੰ ਮਹਾਂ ਧਰਮ ਧਾਮੰ ॥੩੨॥ . . . - (ਕਥਿਤ-ਦਗ ਪਨਾ ੧੧੮- ਦੇਵੀ ਜੂ ਕੀ ਉਸਤਤ)

ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ ॥ ੮੧ ॥ - **॥ ਜਾਪੁ ॥**
ਜਿਹ ਏਕ ਰੂਪ ਕਿੱਨੇ ਅਨੇਕ ॥ ਅੰਤਹਿ ਸਮੇਯ ਫੁਨ ਭਏ ਏਕ ॥ ੮੭ ॥ - (ਕਥਿਤ-ਦਗ ੨੦੦ - **ਰੁਦ੍ਰ ਅਵਤਾਰ)**

ਤਾਤ ਮਾਤ ਨ ਜਾਤ ਜਾਕਰ ਜਨਮ ਮਰਨ ਬਿਹੀਨ ॥ ੮੨ ॥ - **॥ ਜਾਪੁ ॥**
ਜਿਹ ਨਾਹਿ ਪਿਤਾ ਭ੍ਰਿਤ ਤਾਤ ਮਾਤ ॥ ੯੭ ॥ - (ਕਥਿਤ-ਦਗ ਪਨਾ ੨੦੨- **ਰੁਦ੍ਰ ਅਵਤਾਰ**)

ਅੰਗ ਰਾਗ ਨ ਰੰਗ ਜਾਕਹ ॥ ਜਾਤਿ ਪਾਤਿ ਨ ਨਾਮ ॥ ੮੪ ॥ - **॥ ਜਾਪੁ ॥**
ਜਾਨੀ ਨ ਜਾਤ ਜਿਹ ਰੰਗ ਰੂਪ ॥ ੯੮ ॥ - (ਕਥਿਤ-ਦਗ ਪਨਾ ੨੦੨- **ਰੁਦ੍ਰ ਅਵਤਾਰ)**

ਗੁਨ ਗਾਨ ਉਦਾਰ ॥ ਮਹਿਮਾ ਅਪਾਰ ॥ ੮੭ ॥ - **॥ ਜਾਪੁ ॥**
ਆਭਾ ਅਨੰਤ ਮਹਿਮਾ ਅਪਾਰ ॥ ੮੯ ॥ - (ਕਥਿਤ-ਦਗ ਪਨਾ ੨੦੦- **ਰੁਦ੍ਰ ਅਵਤਾਰ)**

ਸ਼ਾਹਾਨ ਸ਼ਾਹ ॥ ੮੮ ॥ - **॥ ਜਾਪੁ ॥**

ਰਾਜਾਨ ਰਾਜ ॥ ਭਾਨਾਨ ਭਾਨ ॥ ੮੯ ॥ - **॥ ਜਾਪੁ ॥**
ਸ਼ਾਹਾਨ ਸ਼ਾਹਿ ਭੁਪਾਨ ਭੂਪ ॥ ੯੮ ॥ - (ਕਥਿਤ-ਦਗ ਪਨਾ ੨੦੦- **ਰੁਦ੍ ਅਵਤਾਰ)**

ਦੇਵਾਨ ਦੇਵ ॥ ਉਪਮਾ ਮਹਾਨ ॥ ੮੯ ॥ - **॥ ਜਾਪੁ ॥**
ਦੇਵਾਨ ਦੇਵ ਮਹਿਮਾ ਅਨੂਪ ॥ ੯੯ ॥ - (ਕਥਿਤ-ਦਗ ਪਨਾ ੨੦੨- **ਰੁਦ੍ ਅਵਤਾਰ)**

ਆਜਾਨ ਬਾਹੁ ॥ ਸ਼ਾਹਾਨ ਸ਼ਾਹੁ ॥ ੮੯ ॥ - **॥ ਜਾਪੁ ॥**
ਆਜਾਨ ਬਾਹੁ ਅਨਭਉ ਅਜੀਤ ॥ ੬੮ ॥ - (ਕਥਿਤ-ਦਗ ਪਨਾ ੧੯੬- **ਰੁਦ੍ ਅਵਤਾਰ)**

ਰਾਜਾਨ ਰਾਜ ਭਾਨਾਨ ਭਾਨ ॥ ੮੯ ॥ - **॥ ਜਾਪੁ ॥**
ਰਾਜਾਨ ਰਾਜ ਭੋਗੀ ਮਹਾਣ ॥ ੬੮ ॥ - (ਕਥਿਤ-ਦਗ ਪਨਾ ੧੯੬- **ਰੁਦ੍ ਅਵਤਾਰ)**

ਆਭਾ ਅਭੰਗ ॥੯੧ ॥ ਮਹਿਮਾ ਅਪਾਰ ॥ ੮੭ ॥ - **॥ ਜਾਪੁ ॥**
ਆਭਾ ਅਭੰਗ ਮਹਿਮਾ ਮਹਾਨ ॥ ੧੦੦ ॥ - (ਕਥਿਤ-ਦਗ ਪਨਾ ੨੦੨- **ਰੁਦ੍ ਅਵਤਾਰ)**

ਅਨਭੂਤ ਅੰਗ ॥ ਆਭਾ ਅਭੰਗ ॥ ੯੧ ॥ - ॥ **ਜਾਪੁ** ॥
ਆਭਾ ਅਨੰਤ ਬਰਨੀ ਨ ਜਾਈ ॥ ੬੯ ॥ - (ਕਥਿਤ-ਦਗ ਪਨਾ ੧੯੬- **ਰੁਦ੍ ਅਵਤਾਰ)**

ਅਨਛਿੱਜ ਗਾਤ ॥ ਆਜਿਜ ਨ ਬਾਤ ॥ ੧੬੯ ॥ - **॥ ਜਾਪੁ ॥**
ਅਨਛਿੱਜ ਗਾਤ ਨਿਸ ਦਿਨ ਨਿਰਾਸ ॥੭੪ ॥ - (ਕਥਿਤ-ਦਗ ਪਨਾ ੧੯੬- **ਰੁਦ੍ ਅਵਤਾਰ)**

ਨ ਰਾਗੇ ॥ ਨ ਰੰਗੇ ॥ ਨ ਰੂਪੇ ॥ ਨ ਰੇਖੇ ॥ ੧੯੫ ॥ - **॥ ਜਾਪੁ ॥**
ਜਿਹ ਰਾਗ ਰੰਗ ਨਹੀ ਰੂਪ ਰੇਖ ॥ ੮੫ ॥ - (ਕਥਿਤ-ਦਗ ਪਨਾ ੨੦੦- **ਰੁਦ੍ ਅਵਤਾਰ)**

**ਇਸ ਲਈ:** . . . ਕਥਿਤ-ਦਗ ਦੀ ਅੰਦਰੂਨੀ ਸਬੂਤਾਂ ਦੇ ਅਧਾਰ ਤੇ, (ਕਬਯੋ ਬਾਚ ਬੇਨਤੀ **ਚੌਪਈ, ਸਵੈਏ, ਦੋਹਰੇ, ਅਤੇ ਦੇਬੀ ਜੂ ਕੀ ਉਸਤਤ, ਰੁਦ੍ ਅਵਤਾਰ** ਦੇ ਕਰਤਾ ਵਾਂਙ ਹੀ) ਰਚਨਾ **'ਜਾਪੁ'** ਦੇ ਕਰਤਾ ਵੀ **ਕਬਿ ਰਾਮ,** ਤੇ **ਕਬਿ ਸ਼ਾਮ** ਹਨ । ਅਤੇ **ਗੁਰੂ ਗੋਬਿੰਦ ਸਿੰਘ ਸਾਹਿਬ ਕਦਾਚਿਤ ਨਹੀ** ।

(** ਸ: ਇਕਬਾਲ ਸਿੰਘ ਜੀ ਕਾਰਵਲ, ਆਦਮ ਪੁਰ, ਜ਼ਿਲਾ ਜਲੰਧਰ ਦਾ ਬਹੁਤ ਧਨਵਾਦ ਹੈ । ਜਿਨਾਂ ਨੇ ਆਪਣੀ ਡੂੰਘੀ ਖੋਜ ਨਾਲ ਇਹ **'ਜਾਪੁ' 'ਰੁਦ੍ ਅਵਤਾਰ'** ਅਤੇ **'ਦੇਵੀ ਜੂ ਕੀ ਉਸਤਤ'** ਦੀ **ਬੜੀ ਗੂਹੜੀ ਅਤੇ ਰਮਣੀਕ ਸਾਂਝ, ਦਾਸ** ਦੇ ਧਿਆਨ ਗੋਚਰੇ ਕੀਤੀ ।)

## ੫) ਕਥਿੱਤ-Sikh National Anthem "ਦੇਹਿ ਸ਼ਿਵਾ ਬਰ ਮੁਹਿ ਇਹੈ' . . ." ਦੇ ਕਰਤਾ । . . . ਕੀ ਗੁਰੂ ਗੋਬਿੰਦ ਸਿੰਘ ਸਾਹਿਬ ਹਨ?

ਇਹ ਤਕਰੀਬਨ ਸਾਰੇ ਸਿਖਾਂ ਨੂ ਪਤਾ ਹੈ । ਕਿ ਜਦ ਵੀ ਉਨਾਂ ਨੇ ਕਿਧਰੇ ਆਪਣਾ, ਗੁਰੂ ਗੋਬਿੰਦ ਸਿੰਘ ਸਾਹਿਬ ਪ੍ਰਤੀ ਸ਼ਰਧਾ ਯਾ ਜੋਸ਼ ਦਾ ਪ੍ਰਦਰਸ਼ਣ ਕਰਨਾ ਹੋਵੇ । ਤਾਂ ਉਹ ਬੜੇ ਜੋਸ਼ ਅਤੇ ਜ਼ੋਰ ਨਾਲ "ਦੇਹਿ ਸ਼ਿਵਾ ਬਰ ਮੁਹਿ ਇਹੈ . . .", ਇਹ ਸਮਝ ਕੇ ਪੜਦੇ ਹਨ । ਕਿ ਇਹ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਰਚਨਾਂ ਹੈ । ਚਾਹੇ, ਇਹ ਇਸ ਤਰਾਂ ਦਾ ਵਿਸ਼ਾਲ ਇਕਠ ਕਿਸੇ ਸਕੂਲ ਵਿਚ ਹੋਵੇ, ਯਾ ਕਿਸੇ ਦੀਵਾਨ, ਪਰੇਡ, ਸਿਖ ਕੈਂਪ ਯਾ ਗੁਰਦਵਾਰਾ ਸਾਹਿਬ ਵਿਚ ਹੋਵੇ ।

ਸੋ ਇਹ ਦੇਖਣ ਲਈ ਕਿ, ਕੀ ਇਹ ਸੱਚ ਹੈ? ਯਾ ਸਿਰਫ ਇਕ ਛਿਲਾਵਾ? ਕਿ "ਦੇਹਿ ਸ਼ਿਵਾ ਬਰ ਮੁਹਿ ਇਹੈ", ਗੁਰੂ ਗੋਬਿੰਦ ਸਿੰਘ ਸਾਹਿਬ ਦੀ ਰਚਨਾਂ ਹੈ । ਅਤੇ ਜੇ, ਇਹ, ਉਨਾਂ ਨੇ ਨਹੀਂ ਲਿਖਿਆ, ਤਾਂ ਕਿਸ ਨੇ ਲਿਖਿਆ ਹੈ? ਸੋ ਇਹ ਸਭ ਕਾਸੇ ਲਈ, ਆਉ ਕਥਿੱਤ-ਦਗ ਵਿਚ ਇਸ ਦੇ ਅਸਲੀ ਥਾਂ, ਅਤੇ ਆਲੇ ਦੁਆਲੇ ਦੇ ਦਰਸ਼ਣ ਕਰੀਏ ।

ਉਨਾਂ ਸਿਖਾਂ ਦੀ ਜਾਣਕਾਰੀ ਲਈ, ਜਿਹੜੇ ਕਿ ਇਹ ਸਮਝਦੇ ਹੋਣ, ਕਿ ਇਹ ਰਚਨਾਂ 'ਗੁਰੂ ਗ੍ਰੰਥ ਸਾਹਿਬ' ਵਿਚੋਂ ਹੈ । ਇਹ ਰਚਨਾ, 'ਗੁਰੂ ਗ੍ਰੰਥ ਸਾਹਿਬ' ਵਿਚੋਂ ਨਹੀ ਹੈ । ਬਲਕਿ, ਇਹ ਰਚਨਾ, ਕਥਿਤ-ਦਸਮ ਗ੍ਰੰਥ ਦੇ ਪਨਾ ੯੯ ਉਪਰ "ਚੰਡੀ

ਚਰਿਤ੍ ਉਕਤ ਬਿਲਾਸ" ਦੀ **੨੩੧ਵੀ ਪਉੜੀ** ਦੇ ਤੌਰ ਤੇ ਸਭਾਇਮਾਨ ਹੈ ॥ ਇਸ ਲਈ ਆਪਣੇ ਸਵਾਲਾਂ ਦੇ ਜਵਾਬ ਟੋਲਣ ਲਈ, ਆਉ ਇਸ ਪਉੜੀ ਅਤੇ ਇਸ ਦੇ ਆਲੇ ਦੁਆਲੇ ਦੀਆਂ ਦੋ ਚਾਰ ਪਉੜੀਆਂ ਦੇ ਦਰਸ਼ਣ ਕਰੀਏ। ਜੋ ਕਿ ਇਸ ਤਰਾਂ ਹਨ;

## "ਦੇਹਿ ਸ਼ਿਵਾ ਬਰ ਮੁਹਿ ਇਹੈ' ਦੇ ਕਵੀ ਦੇ 'ਇਸ਼ਟ' ਦੇ ਦਰਸ਼ਣ :. . . (ਪਉੜੀ ੨੨੭-੨੨੯):

**(ਇਸ਼ਟ) . . . ਕਾਲਕਾ / ਚੰਡਕਾ / ਜਗਮਾਇ):**

॥ ਕਵਿਤ ॥ ਮਿਲਿ ਕੈ ਸੁ ਦੇਵਨ ਬਡਾਈ ਕਰੀ **ਕਾਲਕਾ** ਕੀ ਏਹੋ ਜਗ ਮਾਤ ਤੈ ਤੋ ਕਟਿਓ ਬਡੋ ਪਾਪ ਹੈ ॥ ਦੈਤਨ ਕੋ ਮਾਰ ਰਾਜ ਦੀਨੋ ਤੈ ਸੁਰੇਸ਼ ਹੂੰ ਕੋ ਬਡੋ ਜਸ ਲੀਨੋ ਜਗ ਤੇਰੋ ਈ ਪ੍ਰਤਾਪੁ ਹੈ ॥ ਦੇਤ ਹੈ ਅਸੀਸ ਦਿਜ ਰਾਜ ਰਿਖ ਬਾਰਿ ਬਾਰਿ ਤਹਾ ਹੀ ਪੜਿਓ ਹੈ ਬ੍ਰਹਮ ਕਉਚ ਹੂੰ ਕੋ ਜਾਪ ਹੈ ॥ ਐਸੇ ਜਸੁ ਪੂਰ ਰਹਿਓ **ਚੰਡਕਾ** ਕੋ ਤੀਨ ਲੋਕ ਜੈਸੇ ਧਾਰ ਸਾਗਰ ਮੈ ਗੰਗਾ ਜੀ ਕੋ ਆਪ ਹੈ **॥੨੨੭॥**

ਸਵੈਈਆ॥ ਦੇਹਿ ਅਸੀਸ ਸਭੈ ਸੁਰ ਨਾਰਿ ਸੁ ਧਾਰਿ ਕੈ ਆਰਤੀ ਦੀਪ ਜਗਾਇਓ ॥ ਫੂਲ ਸੁਗੰਧ ਸੁ ਅੱਛਤ ਦੱਛਨ ਜੱਛਨ ਜੀਤ ਕੋ ਗੀਤ ਸੁ ਗਾਇਓ ॥ ਧੂਪ ਜਗਾਇਕੈ ਸੰਖ ਬਜਾਇਕੈ ਸੀਸ ਨਵਾਇਕੈ ਬੈਨ ਸੁਨਾਇਓ ॥ ਹੇ **ਜਗਮਾਇ** ਸਦਾ ਸੁਖਦਾਇ ਤੈ ਸੁੰਭ ਕੋ ਘਾਇ ਬਡੋ ਜਸੁ ਪਾਇਓ **॥੨੨੮॥**

ਸੱਕ੍ਰਿ ਸਾਜਿ ਸਮਾਜਿ ਦੈ ਚੰਡ ਸੁ ਮੋਦ ਮਹਾ ਮਨ ਮਹਿ ਰਈ ਹੈ ॥ ਸੂਰ ਸਸੀ ਥਾਪਿਕੈ ਤੇਜ ਦੈ ਆਪਿ ਤਹਾ ਤੇ ਸੁ ਲੋਪ ਭਈ ਹੈ ॥ ਬੀਚ ਅਕਾਸ਼ ਪ੍ਰਕਾਸ਼ ਬਡਿਓ ਤਹ ਕੀ ਉਪਮਾ ਮਨ ਤੈ ਨ ਗਈ ਹੈ ॥ ਧੂਰ ਕੈ ਪੂਰ ਮਲੀਨ ਹੁਤੋ ਰਵਿ ਮਾਨਹੁ **ਚੰਡਕਾ** ਓਪ ਦਈ ਹੈ **॥੨੨੯॥**

## ਚੰਡਕਾ ਦੇ ਵਿਅਕਤੀਗਤ ਦੇ ਦਰਸ਼ਣ; . . . (ਪਉੜੀ ੨੩੦):

ਜਿਸ ਨੂੰ ਕਿ ""ਦੇਹਿ **ਸ਼ਿਵਾ** ਬਰ ਮੁਹਿ ਇਹੈ" ਦਾ ਕਵੀ ਆਪਣੀ ਬੇਨਤੀ ਕਰਦਾ ਹੈ ॥. . **(ਨੋਟ ਕਰੋ ਜੀ: ਕਿ ਚੰਡਕਾ** ਦਾ ਵਿਅਕਤੀਗਤ "੧ਓ" ਦੇ ਵਿਅਕਤੀਗਤ ਦੇ ਲਾਗੇ ਸ਼ਾਗੇ ਵੀ ਨਹੀਂ)

ਪ੍ਰਥਮ ਮਧਕੈਤ ਮਦ ਮਥਨ ਮਹਿਖਾਸੁਰੈ ਮਾਨ ਮਰਦਨ ਕਰਨ ਤਰਨ ਬਰ ਬੰਡ ਕਾ॥ ਧੂਮ੍ ਦ੍ਰਿਗ ਧਰਨ ਧਰ ਧੂਰ ਪਾਨੀ ਕਰਨ ਚੰਡ ਅਰੁ ਮੁੰਡਕੇ ਮੰਡ ਖੰਡ ਖੰਡ ਕਾ ॥ ਰਕਤਬੀਰਜ ਹਰਨ ਰਕਤ ਭੱਛਨ ਕਰਨ ਦਰਨ ਅਨ ਸੁੰਭ ਰਨ ਰਾਰ ਰਿਸ ਮੰਡਕਾ ॥ ਸੁੰਭ ਬਲੁ ਧਾਰ ਸੰਘਾਰ ਕਰਵਾਰ ਕਰਿ ਸਕਲ ਖਲੁ ਅਸੁਰ ਦਲੁ ਜੈਤ ਜੈ **ਚੰਡਕਾ (Chandika) ॥੨੩੦॥**

## ਕਵੀ ਦੀ ਬੇਨਤੀ: (ਪਉੜੀ ੨੩੧):

ਸਵੈਯਾ ॥ ਦੇਹਿ **ਸ਼ਿਵਾ (Shivaa)** ਬਰ ਮੁਹਿ ਇਹੈ ਸ਼ੁਭ ਕਰਮਨ ਤੇ ਕਬਹੂੰ ਨ ਟਰੋ ॥ ਨ ਡਰੋ ਅਰਿ ਸੋ ਜਬ ਜਾਇ ਲਰੋ ਨਿਸਚੈ ਕਰ ਅਪਨੀ ਜੀਤ ਕਰੋ ॥ ਅਰੁ ਸਿਖ ਹੋ ਅਪਨੇ ਹੀ ਮਨ ਕੌ ਇਹ ਲਾਲਚ ਹਉ ਗੁਨ ਤਉ ਉਚਰੋ ॥ ਜਬ ਆਵ ਕੀ ਅਉਧ ਨਿਦਾਨ ਬਨੈ ਅਤਿ ਹੀ ਰਨ ਮੈ ਤਬ ਜੂਝ ਮਰੋ **॥੨੩੧॥**

## ਕਵੀ ਦੀ ਆਪਣੀ ਕਵਿਤਾ ਦੀ ਸੁੰਦਰਤਾ ਅਤੇ ਕੁਆਲਿਟੀ ਦੀ ਸਿਫਤ: (ਪਉੜੀ ੨੩੨)

ਚੰਡ ਚਰਿਤ੍ **ਕਵਿੱਤਨ (poems)** ਮੈ ਬਰਨਿਓ ਸਭਹੀ ਰਸ ਰੁਦ੍ਰ ਮਈ ਹੈ ॥ ਏਕ ਤੇ ਏਕ ਰਸਾਲ ਭਇਓ ਨਖ ਤੇ ਸਿਖ ਲਉ ਉਪਮਾ ਸੁ ਨਈ ਹੈ ਕਉਤਕ ਹੇਤ ਕਰੀ **ਕਵਿ** (Kavi-poet) **ਨੇ** ਸਤਿਸਯ ਕੀ ਕਥਾ ਇਹ ਪੂਰੀ ਭਈ ਹੈ ॥ ਜਾਹਿ ਨਮਿੱਤ ਪੜੈ ਸੁਨਿ ਹੈ ਨਰ ਸੋ ਨਿਸਚੈ ਕਰਿ ਤਾਹਿ ਦਈ ਹੈ ॥੨੩੨॥

## ਕਵੀ ਦੇ ਆਖਰੀ (ਸੌ ਹਥ ਰੱਸਾ, ਸਿਰੇ ਤੇ ਗੰਢ) ਫੈਸਲੇ: . . . (ਪਉੜੀ ੨੩੩)

੧) ਕਵੀ ਦੇ ਹਥ ਵਾਲੇ ਸਤਿਸਯ ਗ੍ਰੰਥ ਦੇ ਬਰਾਬਰ (ਸਣੇ ਗੁਰੂ ਗ੍ਰੰਥ ਸਾਹਿਬ ਦੇ) ਕੋਈ ਹੋਰ ਗ੍ਰੰਥ ਨਹੀ ਹੈ ॥

੨) ਜਿਸ ਕਾਸੇ ਲਈ ਵੀ ਕਵੀ ਨੇ ਬੇਨਤੀ ਕੀਤੀ ਹੈ। ਉਹ, ਉਸ ਨੂੰ (ਗੁਰੂ ਗ੍ਰੰਥ ਸਾਹਿਬ ਵਾਲਾ '੧ਓ' ਨਹੀਂ, ਬਲਕਿ) ਚੰਡਿਕਾ/ਕਾਲਕਾ/ਸ਼ਿਵਾ/ਦੁਰਗਾ/ਜਗਮਾਇ ਪਰਦਾਨ ਕਰਦੀ ਹੈ ॥

**ਗ੍ਰੰਥ ਸਤਿਸਯ** ਕੋ ਕਰਿਓ **ਜਾ ਸਮ ਅਵਰੁ ਨ ਕੋਇ॥** ਜਿਹ ਨਮਿੱਤ **ਕਵਿ** (Kavi) **ਨੇ ਕਹਿਓ ਸੁ ਦੇਹ ਚੰਡਕਾ** (Chandika) **ਸੋਇ** ॥੨੩੩॥

**ਲੇਖਕ ਦਾ ਨੋਟ: . . .** ਇਹ ਸਭ ਕੁਝ ਪੜ ਕੇ ਪਾਠਿਕ ਆਪ ਹੀ ਫੈਸਲਾ ਕਰ ਲੈਣ । ਕਿ, ਕੀ ਇਹ "'ਦੇਹਿ ਸ਼ਿਵਾ ਬਰ ਮੁਹਿ ਇਹੈ" ਦੇ ਚੰਡਿਕਾ/ਕਾਲਕਾ/ਸ਼ਿਵਾ/ਦੁਰਗਾ/ਜਗਮਾਇ ਪੂਜਕ ਕਵੀ, . . . **ਗੁਰੂ ਗੋਬਿੰਦ ਸਿੰਘ ਸਾਹਿਬ** ਹਨ?

**ਮਹਾਂ ਨਚੋੜ: . . . ਸਾਰੇ ਲੇਖ ਦਾ:**

ਆਉ ਇਕ ਵੇਰੀ ਫ਼ੇਰ, ਦੇਖੀਏ, ਕਿ ਆਪਣੀ ਗਲ ਕਿਥੋਂ ਸ਼ੁਰੂ ਹੋਈ ਸੀ । . . . ਗਲ ਸੀ, ਕਿ ਜੋ ਵੀ ਸਾਡੇ ਚੋਂ ਆਪਣਾ ਜੀਵਨ ਯਾ ਅਧਿਆਤਮਕ ਜੀਵਨ ਦੀ ਸੇਧ ਠੀਕ ਰਖਣ ਲਈ, ਕਿਸੇ ਠੀਕ ਬੰਦੇ ਦੀ ਚੰਗੀ ਸਲਾਹ ਲੈ ਕੇ ਆਪਣੀ ਅਰਦਾਸ, ਬੇਨਤੀ, ਅਤੇ ਪਹੁੰਚ, ਵਗੈਰਾ ਠੀਕ ਸਾਹਿਬ ਕੋਲ ਹੀ ਕਰਦਾ ਹੈ । ਤੇ, ਕੰਮ ਹੋ ਜਾਣ ਤੇ ਧਨਵਾਦ ਵੀ ਉਸੇ ਸਾਹਿਬ ਦਾ ਹੀ ਕਰਦਾ ਹੈ । ਤਾਂ ਉਸ ਦੀ ਜੀਵਨ ਸੇਧ ਠੀਕ ਪਾਸੇ ਰਹਿੰਦੀ ਹੈ । ਪਰ ਇਸ ਦੇ ਉਲਟ, ਜੇ ਕੋਈ, ਮਾੜੀ ਸਲਾਹ ਲੈ ਕੇ, ਠੀਕ ਅਫਸਰ ਯਾ ਸਾਹਿਬ ਦੇ ਥਾਂ ਕਿਸੇ ਚਪੜਾਸੀ ਦੀ ਘੁੰਮਣਘੇਰੀ ਵਿਚ ਫਸ ਜਾਂਦਾ ਹੈ । ਤਾਂ ਉਸ ਨੂੰ ਘੋਰ ਨਿਰਾਸ਼ਤਾ ਤੋਂ ਛੁਟ ਹੋਰ ਕੁਝ ਵੀ ਹਥ ਪਲੇ ਨਹੀਂ ਪੈਂਦਾ ।

ਇਸ ਲਈ, ਇਹ ਜੀਵਨ ਜਾਂਚ ਦੇ ਗਾਡੀ ਰਾਹ ਤੇ ਸਿਧੇ ਤਰੀਕੇ ਨਾਲ ਚਲਣ ਲਈ, ਸਿਖੀ ਦੇ ਮੋਢੀ ਗੁਰੂ ਨਾਨਕ ਸਾਹਿਬ ਨੇ, ਸਾਰੀ ਲੋਕਾਈ ਨੂੰ ਜੀਵਨ ਸੇਧ ਦੇਣ ਲਈ, ਸਾਰੇ ਛੋਟੇ ਮੋਟੇ ਸਾਹਿਬ ਤੇ ਸਾਹਬਣੀਆਂ ਨੂੰ ਛਡ ਕੇ, ਸਭ ਤੋਂ ਵਡੇ ਅਤੇ ਸਾਰਿਆਂ ਦੇ ਸਾਹਿਬ **"ੴ"** ਦੇ ਲੜ ਲਗਣ ਦਾ ਸੁਨੇਹਾ ਦਿਤਾ । ਅਤੇ ਆਪਣੇ ਅਗਲੇ ਨੌਂ ਜਾਮਿਆਂ ਦੇ ਰਾਹੀ ਇਹ ਜੀਵਨ ਪ੍ਰਤਖ ਰੂਪ ਵਿਚ ਜੀਅ ਕੇ ਦਿਖਾਲਿਆ । ਅਤੇ ਨਾਲ ਹੀ ਇਸ ਤਰਾਂ ਦੇ ਜੀਵਨ ਜੀਣ ਬਾਰੇ ਸੇਧ ਅਤੇ ਸਾਰਾ ਗੁਰੂ ਸੁਨੇਹਾ ਸਿਖ ਗੁਰੂ ਸਾਹਿਬਾਨ ਨੇ **"ਗੁਰੂ ਗ੍ਰੰਥ ਸਾਹਿਬ"** ਦੇ ਨਾਮ ਹੇਠ ਕਲਮ ਬੰਦ ਕਰਕੇ ਸਾਰੀ ਲੋਕਾਈ ਨੂੰ ਤੋਹਫੇ ਦੇ ਤੌਰ ਤੇ ਦਿਤਾ ।

ਅਤੇ ਨਾਲ ਵਾਰਨਿੰਗ ਦਿੰਦੇ ਹੋਏ, ਆਪਣੇ ਵਿਦਿਆਰਥੀਆਂ ਨੂੰ ਕਿਸੇ ਦੀਆਂ ਕਚੀਆਂ ਗਲਾਂ ਵਿਚ ਆ ਕੇ, ਕਿਸੇ ਦੁਕੀ ਤਿਕੀ ਦਾਸੀ ਦੇ ਟੇਟੇ ਚੜਨ ਤੋਂ ਬਚਣ ਲਈ, ਪਹਿਲਾਂ ਤਾਂ ਬੜੇ ਸਖਤ ਆਖਰਾਂ ਵਿਚ ਏਹ ਸੁਨੇਹਾ ਦਿਤਾ । ਕਿ **"ਠਾਕੁਰੁ ਛੋਡਿ ਦਾਸੀ ਕਉ ਸਿਮਰਹਿ ਮਨਮੁਖੁ ਅੰਧ ਅਗਿਆਨਾ ॥ ਹਰਿ ਕੀ ਭਗਤਿ ਕਰਹਿ ਤਿਨ ਨਿੰਦਹਿ ਨਿਗੁਰੇ ਪਸੂ ਸਮਾਨਾ ॥੨॥ (ਸਗਗਸ ਪੰਨਾ ੧੧੩੮)"। ਅਤੇ ਫਿਰ ਹੁਕਮ ਕੀਤਾ ਕਿ "ਸਭ ਸਿਖਨ ਕੋ ਹੁਕਮ ਹੈ । ਗੁਰੂ ਮਾਨਿਓ ਗ੍ਰੰਥ ॥"**

ਪਰ ਉਪਰ ਵਾਲੀ ਖੋਜ ਤੋਂ ਤਾਂ ਇਸ ਤਰਾਂ ਲਗਦਾ ਹੈ ਕਿ ਸਿਖਾਂ ਨੇ ਗੁਰੂ ਸਾਹਿਬ ਦੀਆਂ ਸਖਤ ਵਾਰਨਿੰਗਾਂ ਦੇ ਬਾਵਜੂਦ; ਨਾ ਤਾਂ (੧) ਆਪਣੀ ਅਕਾਗਰ ਬਿਰਤੀ ਗੁਰੂ ਸਾਹਿਬ ਦੇ **"ੴ"** ਨਾਲ ਜੋੜੀ ਹੈ । ਅਤੇ ਨਾ ਹੀ (੨) ਆਪਣੀ ਬਿਰਤੀ **"ਦਾਸੀ** ਨਾਲੋਂ ਤੋੜੀ ਹੈ । ਅਤੇ (੩) ਸਿਰਫ ਇਹ ਹੀ ਨਹੀਂ, ਬਲਕਿ ਅਜਕਲ ਦੇ ਸਿਖ ਗੁਰੂ ਸਾਹਿਬ ਦੀਆਂ ਸਾਰੀਆਂ ਵਾਰਨਿੰਗਾਂ ਨੂੰ ਲਾਂਭੇ ਕਰਕੇ ਹੇਠ ਲਿਖੀ ਮਰਯਾਦਾ ਬਣਾਈ ਬੈਠੇ ਹਨ। ਜਿਸ ਮੁਤਾਬਿਕ;

ਅਜਕਲ ਦਾ ਸਿਖ ਜਗਤ, ਆਪਣੇ ਆਪ ਨੂੰ ਝੁਠਲਾਕੇ, ਭਲਾ ;

ਪ੍ਰਸ਼ਨ: ੧). . . ਆਪਣੀ 'ਅਰਦਾਸਿ' ਕਿਸ ਅਗੇ ਕਰਦਾ ਹੈ ? ਉਤਰ: . ਦਾਸੀ ਦੁਰਗਾ ਅਗੇ, ਉਸ ਨੂੰ 'ਭਗੌਤੀ' ਕਹਿ ਕੇ ।
ਪ੍ਰਸ਼ਨ: ੨) . . .ਆਪਣੀ 'ਬੇਨਤੀ' ਕਿਸ ਅਗੇ ਕਰਦਾ ਹੈ ? ਉਤਰ: . ਦਾਸੀ ਦੁਰਗਾ ਅਗੇ, ਉਸ ਨੂੰ 'ਗੋਬਿੰਦ' ਕਹਿ ਕੇ ।
ਪ੍ਰਸ਼ਨ: ੩) . . .ਆਪਣਾ 'ਜਾਪੁ' ਕਿਸ ਦਾ ਕਰਦਾ ਹੈ ? ਉਤਰ: . .ਦਾਸੀ ਦੁਰਗਾ ਦੇ ਸਾਥੀ ਦਾ, ਉਸਨੂੰ 'ਕਾਲ' ਕਹਿ ਕੇ ।
ਪ੍ਰਸ਼ਨ: ੪) . . .ਆਪਣਾ 'ਬਰ' ਕਿਸ ਤੋਂ ਮੰਗਦਾ ਹੈ ? ਉਤਰ: . .ਦਾਸੀ ਦੁਰਗਾ ਤੋਂ, ਉਸ ਨੂੰ 'ਸ਼ਿਵਾ' ਕਹਿ ਕੇ ।

ਸੋਈ, ਕਮਾਲ ਨਹੀਂ ਹੋ ਗਈ ? . . . ਕਿ ਅਜ ਦਾ ਸਿੱਖ, ਕਿਸੇ ਰਾਮ ਯਾ ਸਯਾਮ ਵਰਗੇ ਬੰਦਿਆਂ ਦੇ ਪਿਛੇ ਲਗ ਕੇ, ਜੇ ਅਰਦਾਸਿ ਕਰਦਾ ਹੈ, ਤਾਂ ਦੁਰਗਾ ਨੂੰ; ਬੇਨਤੀ ਕਰਦਾ ਹੈ, ਤਾਂ, ਦੁਰਗਾ ਨੂੰ; ਜਾਪੁ ਕਰਦਾ ਹੈ । ਤਾਂ ਦੁਰਗਾ ਦੇ ਸਾਥੀ ਕਾਲ ਦਾ; ਤੇ ਜੇ ਸਿਖ ਅਸੂਲਾਂ ਦੇ ਖਿਲਾਫ ਬਰ ਮੰਗਦਾ ਹੈ, ਤਾਂ ਦੁਰਗਾ ਤੋਂ ।

. ਸੋ ਇਸ ਤਰਾਂ ਦੇ ਭੰਬਲਬੂਸੇ 'ਚ ਪਏ ਸਿਖ ਨੂੰ, ਕੀ ਇਹ ਪੁਛਣਾ ਗਲਤੀ ਹੈ? ਕਿ ਵਡੇ ਸਿਖ ਵੀਰ ਤੇ ਭੈਣ ਜੀ, ਕੀ ਕਿਸੇ ਰਾਮ ਯਾ ਸਯਾਮ ਦੇ ਲਿਖੇ ਕਬਿੱਤ ਦਸਮ ਗ੍ਰੰਥ ਨੇ ਤੁਹਾਨੂੰ ਗੁਰੂ ਸਾਹਿਬਾਨ ਵਲੋਂ ਦਰਸਾਏ, ਸਾਰਿਆਂ ਤੋਂ ਵਡੇ ਸਾਹਿਬ **"ੴ"** ਦੀ ਪਛਾਣ ਭੁਲਾ ਕੇ, ਕਿਸੇ ਭੰਬਲਬੂਸੇ 'ਚ ਤਾ ਨਹੀਂ ਪਾ ਤਾ? ਜਿਸ ਕਰਕੇ ਤੁਸੀ ਕਿਸੇ ਲਾਈਲਗਾਂ ਦੇ ਪਿਛੇ ਲਗ ਕੇ ਲਾਂਭੇ

ਭੱਜੇ ਫਿਰਦੇ ਹੋ ! ਕੀ ਤੁਹਾਂਨੂੰ ਗੁਰੂ ਸਾਹਿਬਾਨ ਵਲੋਂ ਦਿਤੀ ਵਾਰਨਿੰਗ **"ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ ॥" ਅਤੇ "ਸਭ ਸਿੱਖਨ ਕੋ ਹੁਕਮ ਹੈ। ਗੁਰੂ ਮਾਨਿਓ ਗ੍ਰੰਥ ॥" ਦੇ ਗੁਰੂ ਸਨੇਹੇ ਸਾਰੇ ਭੁਲ ਗਏ ਹਨ ? ਯਾ ਹਾਲੇ ਚੇਤੇ ਹਨ ?**

ਪੰਥ ਦਾ ਦਾਸ,
ਕਿਰਪਾਲ ਸਿੰਘ ਨਿਝੱਰ, ਯੂ ਐਸ ਏ

**ਚਰਿਤ੍ਰਾਂ ਦਾ ਵਿਸਥਾਰ ਰੂਪ:**

**(ਚਰਿਤ੍ਰ ੧੬, ੮੨੯)**

**ੳ) ਪਲੌਟ: ਸਤਲੁਜ ਦੇ ਕਿਨਾਰੇ** ਵਸਦੇ **ਰਾਇ** ਨਾਮੀ (ਇਕ ਪ੍ਰਸਿਧ ਮਨੁਖ) ਦਾ, **ਛਜੀਆ ਨਾਮ ਦੀ ਵੇਸਵਾ ਨਾਲ ਅਟੀ ਸਟੀ ਰਲਾ ਕੇ,** ਅਧੀ ਰਾਤ ਤੋਂ ਬਾਦ ਉਸ ਕੋਲ ਜਾਣਾ ॥

**ਤੀਰ ਸਤੁਦ੍ਰਵ** ਕੇ ਹੁਤੋ ਰਹਤ **ਰਾਇ** ਸੁਖ ਪਾਇ ॥ ਦਰਬ ਹੇਤ ਤਿਹ ਠੌਰ ਹੀ ਰਾਜਮਨੀ (ਛਜੀਆ ਬੇਸਵਾ) ਇਕ ਆਇ ॥੧॥ ਜੰਤ੍ਰ ਮੰਤ੍ਰ ਰਹੀ ਹਾਰਿ ਕਰਿ ਰਾਇ ਮਿਲਯੋ ਨਹਿ ਆਇ ॥ ਏਕ ਚਰਿਤ੍ਰ ਤਬ ਤਿਨ ਕੀਯੋ ਬਸਿ ਕਰਬੋ ਕੇ ਭਾਇ ॥੬॥

(ਛਜੀਆ ਨੇ:) ਬਸਤ੍ਰ ਸਭੈ ਭਗਵੈ ਕਰੇ ਧਰਿ ਜੁਗੀਆ ਕੇ ਭੇਸ ॥ ਸਭਾ ਮਧਯ ਤਿਹ ਰਾਇ ਕੋ ਕੀਨੋ ਆਨਿ ਅਦੇਸ ॥੭॥ ਅੜਿਲ॥

(ਰਾਇ ਨੇ): ਤਿਹ ਜੁਗਿਯਹਿ ਲਖਿ **ਰਾਇ ਰੀਝਿ ਚਿਤ ਮੈ ਰਹਯੋ** ॥ ਜਾਤੇ ਕਛੂ ਸੰਗ੍ਰਹੋਂ ਮੰਤ੍ਰ ਮਨ ਮੋ ਚਹਯੋ ॥ ਤਿਹ ਗ੍ਰਿਹਿ ਦੀਯੋ ਪਠਾਇਕ ਦੂਤ ਬੁਲਾਇਕੇ ॥ ਹੋ ਕਲਾ ਸਿਖਨ ਕੇ ਹੇਤ ਮੰਤ੍ਰ ਸਮਝਾਇਕੈ ॥੮॥

**(ਰਾਇ ਦਾ ਸੁਨੇਹਾ:)** ਚਲਿ ਸੇਵਕ ਜੁਗੀਆ ਪਹਿ ਆਵਾ ॥ ਰਾਇ ਕਹਯੋ ਹੋ ਤਾਹਿ ਜਤਾਵਾ ॥ਕਛੂ **ਮੰਤ੍ਰ** ਮੁਰ ਈਸਹਿ ਦੀਜੈ ਕ੍ਰਿਪਾ ਜਾਨਿ ਕਾਰਜ ਪ੍ਰਭ ਕੀਜੈ ॥੯॥

(ਛਜੀਆ ਦਾ ਜਵਾਬ:) ਪਹਰ ਏਕ ਲੌ ਛੋਰਿ ਦ੍ਰਿਗ ਕਹੀ ਜੋਗਯਹਿ ਬਾਤ ॥ ਲੈ ਆਵਹੁ ਰਾਜਹਿ ਇਹਾਂ ਜੋ ਗੁਨ ਸਿਖਯੋ ਚਹਾਤ ॥੧੦॥ ਆਰਧ ਰਾਤ ਬੀਤੈ ਜਬੈ ਆਵੈ ਹਮਰੈ ਪਾਸ ॥ ਸ੍ਰੀ ਗੋਰਖ ਕੀ ਮਯਾ ਤੇ ਜੇਹੈ ਨਹੀ ਨਿਰਾਸ ॥ ੧੧॥

(ਰਾਇ ਦਾ ਛਜੀਆ ਕੋਲ ਆਉਣਾ): ਚੌਪਈ ॥ ਸੇਵਕ ਤਾਸੋ ਜਾ ਸੁਨਾਯੋ ॥ ਅਰਧ ਰਾਤ੍ਰ ਬੀਤੇ ਸੁ ਜਗਾਯੋ ॥ ਤਾ **(ਅਧੀ ਰਾਤ ਤੋਂ ਬਾਦ**) ਜੁਗੀਯਾ ਕੇ ਗ੍ਰਿਹਿ ਲੈ ਆਯੋ ਹੇਰਿ **ਰਾਇ** ਤ੍ਰਿਯ ਅਤਿ ਸੁਖ ਪਾਯੋ ॥੧੨॥

(ਛਜੀਆ:) ਦੋਹਰਾ ॥ ਰਾਜਾ ਸੋ ਆਇਸੁ ਕਹੀ **ਦੀਜੈ ਲੋਗ ਉਠਾਇ** ॥ ਧੂਪ ਦੀਪ ਅਛਤ ਪੁਹਪ ਆਛੋ **ਸੁਰਾ** ਮੰਗਾਇ ॥੧੩॥

**(ਰਾਇ ਨੇ):** ਤਬ ਰਾਜੈ ਤੈਸੋ ਕੀਆ ਲੋਗਨ ਦਿਯਾ ਉਠਾਇ ॥ ਧੂਪ ਦੀਪ ਅੱਛਤ ਪੁਹਪ ਆਛੋ ਸੁਰਾ ਮੰਗਾਇ ॥੧੪॥ ਤਬ ਰਾਜੈ ਅਪਨੇ ਸਭਨ ਲੋਗਨ ਦਿਯਾ ਉਠਾਇ ॥ ਆਪੁ ਇਕੇਲੈ ਹੀ ਰਹਿਯੋ ਮੰਤ੍ਰ ਹੇਤ ਸੁਖ ਪਾਇ ॥੧੫॥

**(ਛਜੀਆ ਨੇ)** ਚੌਪਈ ॥ ਤਬ ਜੋਗੀ ਇਹ ਭਾਂਤ ਸੁਨਾਯੋ ॥ ਤਵ ਭੇਤਨ ਹਿਤ ਭੇਖ ਬਨਾਯੌ ॥ ਅਬ ਮੇਰੇ ਸੰਗ ਭੋਗ ਕਮੈਯੈ ॥ ਆਨ ਪੀਯਾ ਸੁਭ ਸੇਜ ਸਹੈਯੈ ॥੨੦॥ ਦੋਹਰਾ॥ ਤਨ ਤਰਫਤ ਤਮ ਮਿਲਨ ਕੌ ਬਿਰਹ ਬਿਕਲ ਭਯੋ ਅੰਗ ॥ ਸੇਜ ਸੁਹੈਯੈ ਆਨ ਪਿਰ ਆਜ ਰਮੋ ਮੁਹਿ ਸੰਗ ॥੨੧॥

**(ਛਜੀਆ ਦਾ ਡਰਾਵਾ ਤੇ ਰੌਲਾ ਪਉਣਾ):** ਭਜੇ ਬਧੈਹੋ ਚੋਰ ਕਹਿ ਤਜੇ ਦਿਵੈਹੋ ਗਾਰਿ ॥ ਨਾ ਤਰ ਸ਼ੰਕ ਬਿਸਾਰਿ ਕਰਿ ਮੋਸੌ ਕਰਹੁ ਬਿਹਾਰ ॥੨੨॥ **ਚੋਰ ਚੋਰ** ਕਹਿ ਉਠੀ ਸੁ ਆਂਗਨ ਜਾਇਕੈ ॥ **ਤ੍ਰਾਸ ਦਿਖਾਯੋ** ਤਾਹਿ ਮਿਲਨ ਹਿਤ ਰਾਇ ਕੈ ॥ ਬਹੁਰਿ ਕਹੀ ਤ੍ਰਿਯ ਆਇ ਬਾਤ ਸੁਨ ਲੀਜੀਯੈ ॥ ਹੋ ਅਬੈ ਬਧੈ ਹੌ ਤੋਹਿ ਕਿ ਮੋਹਿ ਭਜੀਜਿਯੈ ॥੩੧॥

**(ਲੋਕਾਂ ਦਾ ਇਕਠੇ ਹੋਣਾ):** ਚੋਰ ਬਚਨ ਸੁਨਿ ਲੋਗ ਪਹੂੰਚੇ ਆਇਕੈ ॥ ਤਿਨ ਪ੍ਰਤਿ ਕਹਯੋ ਸੋਤ ਉਠੀ ਬਰਰਾਇਕੈ ॥ ਗਏ ਧਾਮ ਤੇ ਕਹਯੋ ਮਿਤ੍ਰ ਕੌ ਕਰ ਪਕਰਿ ॥ ਹੋ ਅਬੈ ਬਧੈਹੌ ਤੁਹਿ ਕਿ ਮੈਸੋ ਭੋਗ ਕਰਿ ॥੩੨॥

**(ਰਾਇ):** ਦੋਹਰਾ ॥ ਤਬੈ ਰਾਇ ਚਿਤ ਕੋ ਬਿਖੇ ਐਸੋ ਕੀਯਾ ਬਿਚਾਰ ॥ ਚਰਿਤ ਖੇਲਿ ਕਛੁ ਨਿਕਸਿਯੈ ਇਹ ਮੰਤ੍ਰ ਕਾ ਸਾਰ ॥੩੩॥ ਭਜੌ ਤੀ ਇੱਜ਼ਤ ਜਾਤ ਹੈ ਭੋਗ ਕਿਯੋ ਧ੍ਰਮ ਜਾਇ ॥ ਕਠਿਨ ਬਨੀ ਦੁਹੂੰ ਬਾਤ ਤਿਹ ਕਰਤਾ ਕਰੈ ਸਹਾਇ ॥੩੪॥ ਪੂਤ ਹੋਇ ਤੋ ਭਾਂਡਵਹ ਸੁਤਾ ਤੌ ਬੇਸਯਾ ਹੋਇ ॥ ਭੋਗ ਕਰੇ ਭਾਜਤ ਧਰਮ ਭਜੇ ਬੰਧਾਵਤ ਸੋਇ ॥੩੫॥

**(ਰਾਇ ਦਾ ਡਰ ਕੇ ਭਜਣਾ ਅਤੇ ਕਿਸੇ ਨੂੰ ਵੀ ਪਤਾ ਨਾ ਲਗਣ ਦੇਣਾ):** ਦੋਹਰਾ ॥ **ਰਾਇ ਭੱਜਯੋ** ਤ੍ਰਿਯ ਮੱਤ ਕਰਿ ਸਾਠਿ ਮੁਹਰ ਦੈ ਤਾਹਿ ॥ ਆਨਿ ਬਿਰਾਜਿਯੋ ਧਾਮ ਮੈ ਕਿਨਹੂੰ ਨ ਹੇਰਯੋ ਵਾਹਿ ॥੪੮॥

**(ਰਾਇ ਦਾ ਪ੍ਰਣ ਲੈਣਾ):** ਅੜਿਲ ॥ ਤਬੈ **ਰਾਇ** ਗ੍ਰਿਹਿ ਆਇ ਸੁ **ਪ੍ਰਣ ਐਸੋ ਕੀਯੋ** ॥ ਭਲੇ ਜਤਨ ਸੌ ਰਾਖਿ ਧਰਮ ਅਬ ਮੈ ਲਿਯੋ ॥ ਦੇਸ ਦੇਸ ਪ੍ਰਭ ਕੀ ਪ੍ਰਭਾ ਬਿਖੇਰਿ ਹੋ ॥ ਹੋ ਆਨ ਤ੍ਰਿਯਾ ਕਹ ਬਹੁਰਿ ਨ ਕਬਹੂੰ ਹੇਰਿਹੋ ॥੪੯॥ ਦੋਹਰਾ॥ ਵਹੈ ਪ੍ਰਤੱਗਯਾ ਤ ਦਿਨ ਤੇਂ ਬਯਾਪਤ ਮੋਹਿਯ ਮਾਹਿ ॥ ਤਾਂ ਦਿਨ ਤੇ ਪਰ ਨਾਰਿ ਕੋ ਹੇਰਤ ਕਬਹੂੰ ਨਾਹਿ ॥੫੦॥੧॥

## (ਚਿਰਤ੍ ੧੮, ੮੩੫)

ਦੋਹਰਾ ॥ ਕਥਾ ਸਤਾਵੀ **ਰਾਮ ਕਬਿ** ਉਚਰੀ ਹਿਤ ਚਿਤ ਲਾਇ ॥ ਬਹੁਰਿ ਕਥਾ ਬੰਧਨ ਨਿਮਿਤ ਮਨ ਮੈ ਕਹਯੋ ਉਪਾਇ ॥

## (ਚਰਿਤ੍ ੨੧, ੮੩੮)

## ੳ) ਪਾਤ੍ਰ: ਸਤਲੁਜ ਦੇ ਕਿਨਾਰੇ ਬਸੇ ਅਨੰਦ ਪੁਰ ਦੇ ਵਾਸੀ: . . . ਰਾਇ (ਇਕ ਪ੍ਰਸਿਧ ਮਨੁਖ), ਨੂਪ ਕੁਅਰਿ (ਕਿਸੇ ਧਨਾਡ ਦੀ ਜਨਾਨੀ), ਤੇ ਮਗਨ ਦਾਸ (ਵਿਚੋਲਾ):

**ਤੀਰ ਸਤੁੱਦ੍ਵ** ਕੇ ਹੁਤੋ **ਪੁਰ ਅਨੰਦ** ਇਕ ਗਾਂਉ ॥ ਨੇਤ੍ਰ ਤੁੰਗ ਕੇ ਢਿਗ ਬਸਤ **ਕਾਹਲੂਰ** ਕੇ ਠਾਉ ॥੩॥ ਤਹਾਂ **ਸਿੱਖ ਸਾਖਾ** ਬਹੁਤ ਆਵਤ ਮੋਦ ਭਢਾਇ ॥ ਮਨ ਬਾਂਛਤ ਮੁਖਿ ਮਾਂਗ ਬਰ ਜਾਤ ਗ੍ਰਹਿਨ ਸੁਖ ਪਾਇ ॥੪॥ ਏਕ ਤ੍ਰਿਯਾ **(ਨੂਪ ਕੁਅਰਿ)** ਧਨਵੰਤ ਕੀ ਤੌਨ ਨਗਰ **(ਅਨੰਦ ਪੁਰ)** ਮੈ ਆਨਿ ॥ ਹੇਰਿ **ਰਾਇ** (ਕੌਣ?) ਪੀੜਤ ਭਈ ਬਿਧੀ ਬਿਰਹ ਕੇ ਬਾਨ ॥੫॥ ਮਗਨ ਦਾਸ **(ਵਿਚੋਲਾ)** ਤਾਕੋ ਹੁਤੋ ਸੋ ਤਿਨ ਲਿਯੋ ਬੁਲਾਇ ॥ ਕਛੁਕ ਦਰਬ ਤਾਕੋ ਦਿਯੋ ਐਸੇ ਕਹਯੋ ਬੁਨਾਇ ॥੬॥ ਨਗਰ **ਰਾਇ** ਤੁਮਾਰੋ ਬਸਤ ਤਾਹਿ ਮਿਲਾਵਹੁ ਮੋਹਿ ॥ ਤਾਹਿ ਮਿਲੇ ਦੈਹੋ ਤੁਝੈ ਅਮਿਤ ਦਰਬ ਲੈ ਤੋਹਿ ॥੭॥

### ਅ) ਮਗਨ ਦਾ ਰਾਇ ਕੋਲ ਜਾਣਾ:

ਮਗਨ ਲੋਭ ਧਨ ਕੇ ਲਗੇ ਆਨਿ ਰਾਵ **(ਰਾਇ)** ਕੇ ਪਾਸ ॥ ਪਰਿ ਪਾਇਨਿ ਕਰ ਜੋਰਿ ਕਰਿ ਇਹ ਬਿਧਿ ਕਿਯ ਅਰਦਾਸਿ ॥੮॥ ਸਿਖਯੋ ਚਹਤ ਜੋ **ਮੰਤ੍ਰ** ਤੁਮ ਸੋ ਆਯੋ ਮੁਰ ਹਾਥ ॥ ਕਹੈ ਤੁਮੈਂ ਸੁ ਕੀਜਿਯਹੁ ਜੁ ਕਛੁ ਤੁਹਾਰੇ ਸਾਥ ॥੯॥

### ੲ) ਰਾਇ ਦਾ ਮੰਗਤੇ ਦੇ ਭੇਸ ਵਿਚ, ਭਗੌਤੀ ਭਗੌਤੀ ਕਰਦੇ, (ਨੂਪ ਕੁਅਰਿ) ਦੇ ਘਰ ਧੁਸ ਦੇ ਕੇ ਵੜਨਾ:

ਭੁਜੰਗ ਛੰਦ ॥ ਚਲਯੋ ਧਾਰਿ ਆਤੀਤ (ਮੰਗਤਾ) ਕੋ ਭੇਸ ਰਾਈ (ਰਾਇ) ॥ ਮਨਾਪਨ ਬਿਖੈ ਸ੍ਰੀ ਭਗੌਤੀ ਮਨਾਈ ॥ ਚਲਯੋ ਸੋ ਤਤਾ ਕੋ ਫਿਰਯੋ ਨਾਹਿ ਫੇਰੇ ॥ ਧਸਯੋ ਜਾਇਕੈ ਵਾ ਤ੍ਰਿਯਾ ਕੇ ਡੇਰੇ ॥੧੦॥

### ਸ) (ਨੂਪ ਕੁਅਰਿ) ਵਲੋਂ ਰਾਇ ਦਾ ਸਵਾਗਤ; ਹੁਕਾ, ਪਾਨ ਤੇ ਸ਼ਰਾਬ ਨਾਲ:

ਚੌਪਈ ॥ ਲਖਿ ਤ੍ਰਿਯਾ ਤਾਹਿ ਸੁ ਭੇਖ ਬਨਾਯੋ ॥ ਫੂਲ (ਨੋਟ: ਕਈ ਇਲਾਕਿਆਂ ਵਿਚ ਹੁਕੇ ਦੀ ਚਿਲਮ ਦੀ ਅੰਗਿਆਰੀ ਨੂੰ ਵੀ ਫੂਲ ਕਹਿੰਦੇ ਹਨ) ਪਾਨ ਅਰ ਕੈਫ (ਸ਼ਰਾਬ) ਮੰਗਾਯੋ ॥ ਆਗੇ ਟਰਿ ਤਾਕੋ ਤਿਨ ਲੀਨਾ ॥ ਚਿਤ ਕੋ ਸ਼ੋਕ ਦੂਰਿ ਕਰਿ ਦੀਨਾ ॥੧੧॥

### ਹ) **ਰਾਇ** ਦਾ ਸਿਧਾ **ਨੂਪ ਕੁਅਰਿ ਦੇ ਬੈਡਰੂਮ** 'ਚ ਜਾ ਕੇ **ਬੈਡ ਤੇ ਬੈਠਣਾ,** ਕਪੜੇ ਬਦਲਨੇ, ਤੇ ਨੂਪ ਕੁਅਰਿ ਨੇ ਆਪਣੀ ਇਛਾ ਪ੍ਰਗਟੌਣੀ:

ਦੋਹਰਾ ॥ ਬਸਤ੍ਰ ਪਹਿਰਿ ਬਹੁ ਮੋਲ ਕੋ ਅਤਿਥ ਭੇਸ ਕੋ ਡਾਰਿ ॥ ਤਵਨ ਸੇਜ ਸੋਭਿਤ ਕਰੀ ਉਤਮ ਭੇਖ ਸੁਧਾਰਿ ॥੧੨॥
(ਨੂਪ ਕੁਅਰਿ:) ਤਬ ਤਾਸੋ ਤ੍ਰਿਯ ਯੋ ਕਹੀ ਭੋਗ ਕਰਹੁ ਮੁਹਿ ਸਾਥ ॥ ਪਸੁਪਤਾਰਿ (ਕਾਮ) ਦੁਖ ਦੈ ਘਨੋ ਮੈ ਬੇਚੀ ਤਵ ਹਾਥ ॥੧੩॥

### ਕ) **ਛਜੀਆ** ਦੇ ਪ੍ਰਸੰਗ ਵਾਲਾ **ਮੰਤ੍ਰ ਟਰਿਕ** ਮੁੜ ਕੇ?

ਰਾਇ ਚਿਤ ਚਿੰਤਾ ਕਰੀ ਬੈਠੇ ਨਾਹੀ ਠੋਰ ॥ ਮੰਤ੍ ਲੈਨ ਆਯੋ ਹੁਤੋ ਭਈ ਔਰ ਕੀ ਔਰ (ਨੋਟ: ਕੀ ਗਲ? ਜਿਹੜਾ ਇਸੇ ਤਰਾਂ ਹੀ ਛਜੀਆ ਬੇਸਵਾ ਦੇ ਘਰ ਮੰਤ੍ ਲੈਨ ਦੇ ਬਹਾਨੇ ਜਾ ਕੇ, ਕਨਾਂ ਨੂੰ ਹਥ ਲਾ ਕੇ ਭਜਣਾ ਪਿਆ ਸੀ, ਕੀ ਉਹ ਭੁਲ ਗਿਆ? ਅਤੇ ਹੁਣ ਮੁੜ ਫੇਰ ਉਹੀ ਨਖਰੇ?) ॥੧੪॥

## ਖ) ਨੂਪ ਕੁਅਰਿ ਦੇ ਬੈਡਰੂਮ ਦੀਆਂ ਗਲਾਂ ਬਾਤਾਂ:

**(ਰਾਇ:)** ਕਹਯੋ ਤੁਹਾਰੋ ਮਾਨਿ ਭੋਗ ਤੋਸੋ ਨਹਿ ਕਰਿਹੋ ॥ ਕੁਲਿ ਕਲੰਕ ਕੇ ਹੇਤ ਅਧਿਕ ਮਨ ਭੀਤਰ ਡਰਿਹੋ ॥ ਛੋਰਿ ਬਯਾਹਿਤਾ ਨਾਰਿ ਕੇਲ ਤੋਸੋਂ ਨ ਕਮਾਊ ॥ ਧਰਮ ਰਾਜ ਕੀ ਸਭਾ ਠੌਰ ਕੈਸੇ ਕਰਿ ਪਾਊ ॥੧੭॥

**(ਨੂਪ ਕੁਅਰਿ:)** ਦੋਹਰਾ ॥ ਕਾਮਾਤੁਰ ਹਵੈ ਜੋ ਤ੍ਰਿਯਾ ਆਵਤ ਨਰ ਕੇ ਪਾਸ ॥ ਮਹਾ ਨਰਕ ਸੋ ਡਾਰਿਯੋ ਦੈ ਜੋ ਜਾਨ ਨਿਰਾਸ ॥੧੮॥ . . .

**(ਰਾਇ:)** ਛਾਡਿ ਯਰਾਨਾ ਬਾਲ ਖਯਾਲ ਹਮਰੇ ਨਹਿ ਪਰਿਯੋ ॥ ਕਹੀ ਸੁ ਹਮ ਸੋਂ ਕਹੀ ਬਹੁਰਿ ਯਹ ਕਹਯੋ ਨ ਕਰਿਯੈ ॥ ੨੬॥

**(ਨੂਪ ਕੁਅਰਿ ਦਾ ਚੈਲੰਜ:)** ਯੌ ਕਹੀ ਭੋਗ ਮੋਸੌ ਪਿਯ ਕਰਿਯੈ ॥ ਪਰੇ ਨ ਨਰਕ ਕੋ ਬੀਚ ਅਧਿਕ ਚਿਤ ਮਾਹਿ ਨ ਡਰਿਯੋ ॥ ਨਿੰਦ ਰਿਹਾਰੀ ਲੋਗ ਕਹਾ ਕਰਿ ਕੋ ਨਿਸ ਮੁਖ ਕਰਿ ਹੈ ॥ ਤ੍ਰਾਸ ਤਿਹਾਰੋ ਸੌ ਸੁ ਅਧਿਕ ਚਿਤ ਭੀਤਰ ਡਰਿ ਹੈ ॥੨੭॥ ਤੌ ਕਰਿ ਹੈ ਕੋਊ ਨਿੰਦ ਕਛੂ ਜਬ ਭੇਦ ਲਹੈਂਗੇ ॥ ਜੌ ਲਖਿ ਹੈ ਕੋਊ ਬਾਤ ਤ੍ਰਾਸ ਤ੍ਰਾਸ ਤੋ ਮੋਨਿ ਰਹੈਂਗੇ ॥ ਆਜ ਹਮਾਰੇ ਸਾਥ ਮਿਤ੍ ਰੁਚਿ ਸੌ ਰਤਿ ਕਰਿਯੋ ॥ ਹੋ ਨਾ ਤਰ ਛਾਡੋ **ਟਾਂਗ ਤਰੇ ਅਬਿ ਹੋਇ ਨਿਕਰਿਯੋ** ॥੨੮॥

**(ਰਾਇ ਦਾ ਜਵਾਬ:)** **ਟਾਂਗ ਤਰੇ ਸੋ ਜਾਇ ਕੇਲ ਕੈ ਜਾਹਿ ਨ ਆਵੈ ॥ ਬੈਠਿ ਨਿਫੁੰਸਕ ਰਹੈ ਰੈਨਿ ਸਿਗਰੀ ਨ ਬਜਾਵੈ** ॥ ਬਧੇ ਧਰਮ ਕੇ ਮੈ ਨ ਭੋਗ ਤੁਹਿ ਸਾਥ ਕਰਤ ਹੋ ॥ ਜਗ ਅਪਜਸ ਕੇ ਹੇਤ ਅਧਿਕ ਚਿਤ ਬੀਚ ਡਰਤ ਹੋ ॥੨੯॥

**(ਨੂਪ ਕੁਅਰਿ:)** ਕੋਟਿ ਜਤਨ ਤੁਮ ਕਰੋ ਭਜੇ ਬਿਨ ਤੋਹਿ ਨ ਛੋਰੋਂ ॥ ਗਹਿ ਆਪਨ ਪਰ ਆਜ ਸਗਰ ਤੋ ਕੋ ਨਿਸ ਤੋਰੋਂ ॥

**ਰਾਇ ਬਾਚ ॥** ਪ੍ਰਥਮ ਛਤ੍ਰਿ ਕੇ ਧਾਮ ਦਿਯੋ ਬਿਧਿ ਜਨਮ ਹਮਾਰੋ ॥ ਬਹੁਰਿ ਜਗਤ ਕੇ ਬੀਚ ਕਿਯੋ ਕੁਲ ਅਧਿਕ ਉਜਾਰੋ ॥ ਬਹੁਰਿ ਸਭਨ ਮੈ ਬੈਠਿ ਅਪ ਕੋ ਪੂਜ ਕਹਾਊ ॥ ਹੋ ਰਮੋਂ ਤੁਹਾਰੇ ਸਾਥ ਨਚਿ ਕੁਲ ਜਨਮਹਿ ਪਾਊ ॥੩੨॥

**(ਨੂਪ ਕੁਅਰਿ:)** ਕਹਾ ਜਨਮ ਕੀ ਬਾਤ ਜਨਮ ਸਭ ਕਰੇ ਤਿਹਾਰੇ ॥ ਰਮੋ ਨ ਹਮ ਸੋਂ ਆਜੁ ਐਸ ਘਟਿ ਭਾਗ ਹਮਾਰੇ ॥ ਬਿਰਹ ਤਿਹਾਰੇ ਲਾਲ ਬੈਠਿ ਪਾਵਕ ਮੋਂ ਬਰਿਯੋ ॥ ਹੋ ਪੀਵ ਹਲਾਲਲ ਆਜ ਮਿਲੇ ਤੁਮਾਰੇ ਬਿਨ ਮਰਯੈ ॥੩੩॥

**ਦੁਹਰਾ॥ ਰਾਇ** ਡਰਿਯੋ ਜਉ ਦੈ ਮੁਝੈ ਭਗਵਤਿ ਕੀ ਆਨ ॥ ਸ਼ੰਕ ਤਿਆਗ ਯਾਸੋ ਰਮੋ ਕਰਿਹੌ ਨਰਕ ਪਯਾਨ ॥੩੪॥

**(ਨੂਪ ਕੁਅਰਿ:)** ਚਿਤ ਕੋ ਸ਼ੋਕ ਨਿਵਰਤ ਕਰਿ ਰਮੋ ਹਮਾਰੇ ਸੰਗ ॥ ਮਿਲੇ ਤਿਹਾਰੇ ਬਿਨ ਅਧਿਕ ਬਯਾਪਤ ਮੋਹਿ ਅਨੰਗ ॥੩੫॥

**(ਰਾਇ:)** ਨਰਕ ਪਰਨ ਤੇ ਮੈ ਡਰੋ ਕਰੋ ਨ ਤੁਮ ਸੋ ਸੰਗ ॥ ਤੋ ਤਨ ਮੋ ਤਨ ਕੈਸਊ ਬਯਾਪਤ ਅਧਿਕ ਅਨੰਗ ॥੩੬॥

**(ਨੂਪ ਕੁਅਰਿ:)** ਤਰੁਨ ਕਰਯੋ ਬਿਧਿ ਤੋਹਿ ਤਰੁਨਿ ਹੀ ਦੇਹ ਹਮਾਰੋ ॥ ਲਖੋ ਤੁਮੈ ਤਨ ਆਜ ਮਦਨ ਬਸਿ ਭਯੋ ਹਮਾਰੋ ॥ ਮਹ ਕੋ ਭਰਮ ਨਿਵਾਰਿ ਭੋਗ ਮੋਰੇ ਸੰਗਿ ਕਰਿਯੈ ॥ ਨਰਕ ਪਰਨ ਤੇ ਨੈਕ ਅਪਨ ਚਿਤ ਬੀਚ ਨ ਡਰਿਯੈ ॥੩੭॥

**(ਰਾਇ:)** ਦੋਹਰਾ ॥ ਪੂਜ ਜਾਨਿ ਕਰ ਜੋ ਤਰਨਿ ਮੁਰਿਕੈ ਕਰਤ ਪਯਾਨ ॥ ਤਵਨਿ ਤਰੁਨਿ ਗੁਰ ਤਵਨ ਕੀ ਲਾਗਤ ਸੁਤਾ ਸਮਾਨ ॥੩੮॥ ਛੰਤ ॥ ਕਹਾ ਤਰੁਨਿ ਸੋ ਪ੍ਰੀਤਿ ਨੇਹ ਨਹਿ ਓਹ ਨਿਬਾਹਹਿ ॥ ਏਕ ਪੁਰਖ ਕੋ ਛਾਡਿ ਔਰ ਸੁੰਦਰ ਨਰ ਚਾਹਹਿ ॥ਅਧਿਕ ਤਰਨ ਰੁਚਿ ਮਾਨਿ ਤਰੁਨਿ ਜਾਸੋਂ ਹਿਤ ਕਰਹੀ ॥ ਹੋ ਤੁਰਤ ਮ੍ਰਤ੍ਰ ਕੋ ਧਾਮ ਨਗਨ ਆਗੇ ਕਰਿ ਧਰਹੀ ॥੩੯॥

**(ਨੂਪ ਕੁਅਰਿ:)** ਦੋਹਰਾ॥ ਕਹਾਂ ਕਰੌ ਕੈਸੇ ਬਚੌ ਹ੍ਰਿਦੈ ਨ ਉਪਜਤ ਸ਼ਾਂਤ ॥ ਤੋਹਿ ਮਾਰਿ ਕੈਸੇ ਜਿਯੋ ਬਚਨ ਨੇਹ ਕੇ ਨਾਤ ॥੪੦॥

**(ਰਾਇ:)** ਚੌਪਈ ॥ ਰਾਇ ਚਿਤ ਇਹ ਭਾਂਤਿ ਬਿਚਾਰੋ ॥ ਇਹਾਂ ਸਿਖ ਕੋਊ ਨ ਹਮਾਰੋ ॥ ਯਾਹਿ ਭਜੇ ਮੇਰੋ ਧ੍ਰਮੁ ਜਾਈ ॥ ਭਾਜਿ ਚਲੌ ਤ੍ਰਿਯ ਦੇਤ ਗਹਾਈ ॥੪੧॥ ਤਾ ਤੇ ਯਾ ਕੀ ਉਸਤਤਿ ਕਰੋ ॥ ਚਰਿਤ ਖੇਲਿ ਯਾਕੋ ਪਰਹਰੋ ॥ ਬਿਨ ਰਤਿ ਕਰੈ ਤਰਨਿ ਜਿਯ ਮਾਰੈ ॥ ਕਵਨ ਸਿੱਖਯ ਮੁਹਿ ਆਨਿ ਉਬਾਰੈ ॥੪੨॥

॥੪੩॥ . . . ॥੪੪॥ . . . ਰਾਇ: ਵਲੋਂ ਨੂਪ ਕੁਅਰਿ ਨੂੰ ਭਰਮਾਉਣ ਲੇਈ ਉਸ ਦੀਆਂ ਸਿਫਤਾਂ। ਪਰ,

**(ਨੂਪ ਕੁਅਰਿ:)** ਦੋਹਰਾ ॥ ਬਹੁਰ ਤ੍ਰਿਯਾ ਤਹ ਰਾਇ ਸੋ ਯੌ ਬਚ ਕਹਿਯੋ ਸੁਨਾਇ ॥ ਆਜ ਭੋਗ ਤੋਸੋ ਕਰੌ ਕੈ ਮਰਿ ਹੌ ਬਿਖੁ ਖਾਇ ॥੪੬॥

**(ਰਾਇ:)** ਬਿਸਿਖ ਬਰਾਬਰਿ ਨੈਨ ਤਵ ਬਿਧਨਾ ਧਰੇ ਬਨਾਇ ॥ ਲਾਜ ਕੌਚ ਮੋਕੌ ਦਯੋ ਚੁਭਤ ਨ ਤਾਂ ਆਇ ॥੪੭॥

**(ਨੂਪ ਕੁਅਰਿ:)** ਬਨੇ ਠਨੇ ਆਵਤ ਘਨੇ ਹੇਰਤ ਹਰਤ ਗਿਆਨ ॥ ਭੋਗ ਕਰਨ ਕੌ ਕਛੁ ਨਹੀ ਡਹਕੂ ਬੇਰ ਸਮਾਨ ॥੪੮॥

**(ਰਾਇ:)** ਧੰਨਯ ਬੇਰ ਹਮ ਤੇ ਜਗਤ ਨਿਰਖਿ ਪਥਿਕ ਕੌ ਲੇਤ ॥ ਬਰਬਸ ਖੁਯਾਵਤ ਫਲ ਪਕਰਿ ਜਾਨ ਬਹੁਰਿ ਘਰ ਦੇਤ ॥੪੯॥

**(ਨੂਪ ਕੁਅਰਿ:)** ਅਟਪਟਾਇ ਬਾਤੈਂ ਕਰੈਂ ਮਿਲਯੋ ਚਹਤ ਪਿਯ ਸੰਗ ॥ ਮੈਨ ਬਾਨ ਬਾਲਾ ਬਿਧੀ ਬਿਰਹ ਬਿਕਲ ਭਯੋ ਅੰਗ ॥੫੦॥

**(ਰਾਇ:) ਛੰਤ॥** ਸੁਧਿ ਜਬ ਤੇ ਹਮ ਧਰੀ ਬਚਨ ਗੁਰ ਦਏ ਹਮਾਰੇ ॥ ਪੂਤ ਇਹੈ ਪ੍ਰਨ ਤੋਹਿ ਪ੍ਰਾਨ ਜਬ ਲਗ ਘਟ ਥਾਰੇ ॥ ਨਿਜ ਨਾਰੀ ਕੇ ਸਾਥ ਨੇਹੁ ਤੁਮ ਨਿੱਤ ਬਢੈਯਹੁ ॥ ਪਰ ਨਾਰੀ ਕੀ ਸੇਜ ਭੂਲਿ ਸੁਪਨੇ ਹੂੰ ਨ ਜੈਯਹੁ ॥੫੧॥ ਪਰ ਨਾਰੀ ਕੇ ਭਜੇ ਸਹਸ ਬਾਸਵ ਭਗ ਪਾਏ ॥ ਪਰ ਨਾਰੀ ਕੇ ਭਜੇ ਚੰਦ੍ ਕਾਲੰਕ ਲਗਾਏ ॥ ਪਰ ਨਾਰੀ ਕੇ ਹੇਤ ਸਸਿ ਦਸ ਸੀਸ ਗਵਾਯੋ ॥ ਹੋ ਪਰ ਨਾਰੀ ਕੇ ਹੇਤ ਕਟਕ ਕਵਰਨ ਕੌ ਘਾਯੋ ॥੫੨॥ ਪਰ ਨਾਰੀ ਕੋ ਨੇਹੁ ਛੁਰੀ ਪੈਨੀ ਕਰਿ ਜਾਨਹੁ ॥ ਪਰ ਨਾਰੀ ਕੇ ਭਜੇ ਕਾਲ ਬਿਯਾਪਯੋ ਤਨ ਕਿਮਾਨਹੁ ॥ਅਧਿਕ ਹਰੀਫੀ ਜਾਨਿ ਭੋਗ ਪਰ ਤ੍ਰਿਯ ਜੋ ॥ ਹੋ ਅੰਤ ਸਵਾਨ ਕੀ ਮਿਤ੍ ਹਾਥ ਲੇਂਡੀ ਹੀ ਮਰਹੀ ॥ ੫੩॥ ਬਾਲ ਹਮਾਰੇ ਪਾਸ ਦੇਸ ਦੇਸਨ ਤ੍ਰਿਯ ਆਵਹਿ ॥ ਮਨ ਬਾਂਛਤ ਬਰ ਮਾਂਗਿ ਜਾਨਿ ਗੁਰ ਸੀਸ ਝੁਕਾਵਹਿ ॥ ਸਿੱਖਯ ਪੁਤ੍ ਤ੍ਰਿਯ ਸੁਤਾ ਜਾਨਿ ਅਪਨੇ ਚਿਤ ਧਰਿਯੈ ॥ ਜੋ ਕਹੁ ਸੁੰਦਰਿ ਤਿਹ ਸਾਥ ਗਵਨ ਕੈਸੇ ਕਰ ਕਰਿਯੈ ॥੫੪॥

**(ਨੋਟ ੧: -** ਬਗੈਰ ਖੋਜੇ, ਅਤੇ ਬਗੈਰ ਸੋਚੇ ਸਮਝੇ, ਸਾਡੇ ਕਈ ਪਿਛ-ਲਗ ਵੀਰ, ਆਪਣੀ ਅਣਜਾਂਣਤਾ ਵਸ, ਵਿਆਹਾਂ ਦੇ ਮੌਕੇ ਤੇ, ਉਪਰ ਲਿਖੀਆਂ ਸਤਰਾਂ ਨੂੰ ਅਨੰਦ ਕਾਰਜ ਵੇਲੇ, ਬੜਾ ਵਿਸਥਾਰ ਭਰਪੂਰ ਲੂਣ ਮਸਾਲਾ ਲਾਕੇ ਸਿਰਫ ਇਸ ਭੁਲੇਖੇ 'ਚ ਪੜਦੇ ਹਨ। ਕਿ ਉਨਹਾਂ ਦੇ ਕਨ 'ਚ ਕਿਸੇ ਨੇ ਇਹ ਫੂਕ ਮਾਰੀ ਹੁੰਦੀ ਹੈ। "ਕਿ ਇਹ ਸਤਰਾਂ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਸਾਹਿਬ ਦੀਆਂ ਲਿਖੀਆਂ ਹੋਈਆਂ ਹਨ।"

ਇਸ ਲਈ, ਇਹ ਫੈਸਲਾ ਕਰਨ ਲਈ, ਕਿ ਕੀ ਇਹ ਸਤਰਾਂ ਸਚ ਹੀ ਗੁਰੂ ਕ੍ਰਿਤ ਹਨ ? ਯਾ ਕਿਸੇ ਚਤਰ ਲੇਖਕ ਦੀ ਸ਼ਰਾਰਤ ? ਜਿਸ ਨਾਲ ਕਿ, ਉਹ ਚਤਰ, ਇਨਾਂ ਸਤਰਾਂ ਦੇ ਰਾਹੀਂ "ਮਿਠੇ ਮਹੁਰੇ" ਦਾ ਗੋਲਾ ਦੇ ਕੇ ਸਿਖਾਂ ਦਾ ਮੋਜੂ ਉਡਾ ਰਿਹਾ ਹੈ। ਅਤੇ, ਜਿਸ ਮਹੁਰੇ ਦੇ ਨਸ਼ੇ ਕਾਰਣ, ਇਹ ਲੇਖਕ, ਕਈ ਸਿਖਾਂ ਨੂੰ, ਇਹ ਵੀ ਨਹੀਂ ਪਤਾ ਲਗਣ ਦੇ ਰਿਹਾ। ਕਿ ਉਹ ਇਨਾਂ ਪ੍ਰਸੰਗਾਂ ਨਾਲ, **ਬਗੈਰ ਗੁਰੂ ਸਾਹਿਬ ਦਾ ਨਾਂ ਲਏ,** ਸਿਖਾਂ ਨੂੰ ਇਹ ਯਕੀਨ ਦੁਆ ਰਿਹਾ ਹੈ। ਕਿ ਇਨਾਂ ਪ੍ਰਸੰਗਾਂ ਦਾ ਹੀਰੋ, ਇਕ ਛੁਟੜ ਜਨਾਨੀਆਂ ਪਿਛੇ ਘੁਮਣ ਵਾਲਾ, ਥਾਂ ਥਾਂ ਤੇ ਚੋਰ ਚੋਰ ਦਾ ਰੌਲਾ ਪੁਆ ਕੇ ਜੁਤੀਆਂ ਖਾਣੋਂ ਬਚ ਕੇ ਭਜਣ ਵਾਲਾ, ਅਤੇ ਰਜ ਕੇ ਬੇਇਜ਼ਤੀ ਕਰਵਾਉਣ ਵਾਲਾ **ਰਾਇ,** ਗੁਰੂ ਗੋਬਿੰਦ ਸਿੰਘ ਸਾਹਿਬ ਹੀ ਹੈ, ਤੇ ਕੋਈ ਹੋਰ ਨਹੀਂ ॥ ਅਤੇ ਉਸ ਤੋਂ ਵਧ ਸਿਤਮ ਦੀ ਗਲ ਇਹ ਹੈ, ਕਿ ਕਈ ਸਿਖ ਤਾਂ, ਇਸ ਲੇਖਕ ਦੇ ਸਿਰਫ ਜਾਂਸੇ 'ਚ ਹੀ ਨਹੀਂ ਫਸੇ ਹੋਇ, ਬਲਕਿ ਉਸ ਦੇ ਹਿਮੈਤੀ ਵੀ ਬਣੇ ਹੋਏ ਹਨ ॥ )

**(ਨੂਪ ਕੁਅਰਿ:)** ਬਚਨ ਸੁਨਤ ਕ੍ਰੋਧਿਤ ਤ੍ਰਿਯ ਭਈ ॥ ਜਰਿ ਬਰਿ ਆਠ ਟੂਕ ਹਵੈ ਗਈ ॥ ਅਬ ਹੀ ਚੋਰਿ ਚੋਰਿ ਕਹਿ ਉਠਿਹੌ ॥ ਤੁਹਿ ਕੋ ਪਕਰਿ ਮਾਰਿ ਹਾਂ ਸੁਟਿਹੌ ॥੫੫॥

**(ਨੋਟ ੨:)** ਉਨਹਾਂ ਪਾਠਕਾਂ ਲਈ, ਜਿਨਹਾਂ ਨੂੰ ਨ ਪਤਾ ਹੋਵੇ - ਕਿ ਇਹ ਉਹ ਹੀ ਪ੍ਸੰਗ ਹੈ, ਜਿਸ ਦੀ ਸਚਾਈ ਜਾਹਰ ਕਰਨ ਦੇ ਕਾਰਣ ਆਮ ਸਿਖ ਸੰਗਤਾਂ ਦੀ ਅਗਿਆਨਤਾ ਦਾ ਫਾਇਦਾ ਉਠਾਉਦੇ ਹੋਏ ਅਕਾਲ ਤਖਤ ਦੇ ਜਥੇਦਾਰਾਂ ਨੇ ਪੋ੍: ਦਰਸ਼ਣ ਸਿੰਘ ਦੀ ਖਿਚ ਧੂ ਕੀਤੀ ਸੀ।)

**(ਰਾਇ:)** ਯਾਤੇ ਹਮ ਹੇਰਤ ਨਹੀ ਸੁਨਿ ਸਖਿ ਹਮਾਰੇ ਬੈਨ ॥ ਲਖੇ ਲਗਨ ਲਗਿ ਜਾਇ ਜਿਨ ਬਡੇ ਬਿਰਹਿਯਾ ਨੈਨ ॥੫੭॥ ਛਪੈ ਛੰਦ॥ ਦਿਜਨ ਦੀਜਿਯਹੁ ਦਾਨ ਦੁਜਨ ਕਹਿ ਦ੍ਰਿਸ਼ਟਿ ਦਿਖੈਯਹੁ ॥ ਸੁਖੀ ਰਾਖਿਯਹੁ ਸਾਥ ਸ਼ਤ੍ ਸਿਰ ਖੜਗ ਬਜੈਯਹੁ ॥ ਲੋਕ ਲਾਜ ਕਉ ਛਾਡਿ ਕਛੂ ਕਾਰਜ ਨਹਿ ਕਰਿਯਹੁ ॥ ਪਰ ਨਾਰੀ ਕੀ ਸੇਜ ਪਾਵ ਸੁਪਨੇ ਹੂੰ ਨ ਧਰਿਯਹੁ ॥ ਗੁਰ ਜਬਤੇ ਮੁਹਿ ਕਹਯੋ ਇਹੈ ਪ੍ਨ ਲਯੋ ਸੁ ਧਾਰੈ ॥ ਹੋ ਪਰ ਧਨ ਪਾਹਨ ਤੁਲਿ ਤ੍ਰਿਯਾ ਪਰ ਮਾਤ ਹਮਾਰੈ ॥੫੮॥

**(ਨ੍ਰਪ ਕੁਅਰਿ:)** ਸੁਨਤ ਰਾਵ ਕੇ ਬਚ ਸ੍ਵਨ ਤ੍ਰਿਯ ਮਨਿ ਅਧਿਕ ਰਿਸਾਇ ॥ ਚੋਰ ਚੋਰ ਕਹਿਕੈ ਉਠੀ ਸਿਖਯਨ ਦਿਯੋ ਜਗਾਇ ॥੫੯॥

**(ਰਾਇ:)** ਸੁਨਤ ਚੋਰ ਕੋ ਬਚ ਸ੍ਵਨ ਅਧਿਕ ਡਰਿਯੋ ਨਰਨਾਹਿ ॥ ਪਨੀ ਪਾਮਰੀ ਤਜਿ ਭਜਯੋ ਸੁਧਿ ਨ ਰਹੀ ਮਨ ਮਾਹਿ ॥

## (ਚਰਿਤ੍ ੨੨, ੮੪੩)

**(ਰਾਇ:)** ਦੋਹਰਾ ॥ ਸੁਨਤ ਚੋਰ ਕੇ ਬਚ ਸ੍ਵਨ ਉਠਿਯੋ ਰਾਇ ਡਰ ਧਾਰ ॥ ਭਜਯੋ ਜਾਇ ਡਰ ਪਾਇ ਮਨ ਪਨੀ ਪਾਮਰੀ ਡਾਰਿ ॥੧॥ ਚੋਰਿ ਸੁਨਤ ਜਾਗੇ ਸਭੈ ਭਜੇ ਨ ਦਨਿਾ ਰਾਇ ॥ ਕਦਮ ਪਾਂਚ ਸਾਤਕ ਲਗੇ ਮਿਲੇ ਸਿਤਾਬੀ ਆਇ ॥੨॥

**(ਲੋਕ ਤੇ ਸਿਖ)** ਚੋਪਈ ॥ ਚੋਰ ਬਚਨ ਸਭ ਹੀ ਸੁਨਿ ਧਾਏ ॥ ਕਾ ਖੜਗ ਰਾਇ ਪ੍ਤਿ ਆਏ ॥ ਕੂਕਿ ਕਹੈਂ ਤੁਹਿ ਜਾਨ ਨ ਦੈਹੈਂ ॥ ਤੁਹਿ ਤਸਕਰ ਜਮ ਧਾਮ ਪਠੈ ਹੈਂ ॥੩॥

**(ਰਾਇ ਦੇ:)** ਦੋਹਰਾ॥ ਆਗੇ ਪਾਛੇ ਦਾਹਨੇ ਘੇਰਿ ਦਸੋ ਦਸ ਲੀਨ ॥ ਪੈਂਡ ਭਜਨ ਕੌ ਨਾ ਰਹਯੋ ਰਾਇ ਜਤਨ ਯੋ ਕੀਨ ॥੪॥ ਵਾਕੀ ਕਰ ਦਾਰੀ ਧਰੀ ਪਗਿਯਾ ਲਈ ਉਤਾਰਿ ॥ ਚੋਰ ਚੋਰ ਕਰਿ ਤਿਹ ਗਹਯੋ ਦਵੈਕ ਮੁਹਤਰੀ ਝਾਰਿ ॥੫॥

ਲਗੇ ਮੁਹਤਰੀ ਕੇ ਗਿਰਯੋ ਭੂਮਿ ਮੂਰਛਨਾ ਖਾਇ ॥ ਭੇਦ ਨ ਕਾਹੂੰ ਨਰ ਲਹਿਯੋ ਮੁਸਕੈਂ ਲਈ ਚੜਾਇ ॥੬॥

ਲਾਤ ਮੁਸਤ ਬਾਜਨ ਲਗੀ ਸਿਖਯ ਪਹੂੰਚੇ ਆਇ ॥ ਭ੍ਰਾਤ ਭ੍ਰਾਤ ਤ੍ਰਿਯ (ਨ੍ਰਪ ਕੁਅਰਿ) ਕਹਿ ਰਹੀ ਕੋਊ ਨ ਸਕਯੋ ਛੁਰਾਇ ॥੭॥

ਚੋਪਈ ॥ **ਜੂਤੀ ਬਹੁ ਤਿਹ ਮੂੰਡ ਲਗਾਈ** ॥ ਮੁਸਕੈਂ ਤਾਕੀ ਐਠ ਚੜਾਈ ॥ ਬੰਦਸਾਲ ਤਿਹ ਦਿਯਾ ਪਠਾਈ ॥ ਆਨਿ ਆਪਨੀ ਸੇਜ ਸੁਹਾਈ ॥੮॥

**(ਰਾਇ:)** ਇਹ ਛਲ ਖੇਲਿ ਰਾਇ ਭਜ ਆਯੋ ॥ ਬੰਦਸਾਲ ਤ੍ਰਿਯ ਭ੍ਰਾਤ ਪਠਾਯੋ ॥ ਸਿਖਯਨ ਭੇਦ ਨ ਪਾਯੋ ॥ ਵਾਹੀ ਕੋ ਤਸਕਰ ਠਹਰਾਯੋ ॥੯॥੧॥

## (ਚ੍ਰਿਤਰ ੨੩, ੮੪੩)

**(ਰਾਇ:)** ਚੌਪਈ ॥ ਭਯੋ ਪ੍ਾਤ ਸਭ ਹੀ ਜਨ ਜਾਗੇ ॥ ਅਪਨੇ ਅਪਨੇ ਕਾਰਜ ਲਾਗੇ ॥ ਰਾਇ ਭਵਨ ਤੇ ਬਾਹਰ ਆਯੋ ॥ ਸਭਾ ਬੈਠ ਦੀਵਾਨ ਲਗਾਯੋ ॥੧॥

**(ਨ੍ਰਪ ਕੁਅਰਿ ਨੇ)** ਦੋਹਰਾ ॥ ਪ੍ਾਤ ਭਏ ਤਵਨੈ ਤ੍ਰਿਯਾ ਹਿਤ ਤਜਿ ਰਿਸ ਉਪਜਾਇ ॥ ਪਨੀ ਪਾਮਰੀ ਜੋ ਹੁਤੇ ਸਭਹਿਨ ਦਏ ਦਿਖਾਇ ॥੨॥

**(ਰਾਇ:)** ਚੌਪਈ ॥ ਰਾਇ ਸਭਾ ਮਹਿ ਬਚਨ ਉਚਾਰੇ ॥ **ਪਨੀ ਪਾਮਰੀ ਹਰੇ ਹਮਾਰੇ** ॥ ਤਾਂਹਿ ਸਿਖ੍ਯ ਜੋ ਹਮੈਂ ਬਤਾਵੈ ॥ ਤਾਤੇ ਕਾਲ ਨਿਕਟ ਨਹਿ ਆਵੈ ॥੩॥

**(ਸਿਖ੍ਯ:)** ਦੋਹਰਾ ॥ ਬਚਨ ਸੁਨਤ ਗੁਰ ਬਕਤ੍ਰ ਤੇਂ ਸਿਖ੍ਯ ਨ ਸਕੈ ਦੁਰਾਇ ॥ ਪਨੀ ਪਾਮਰੀ ਕੇ ਸਹਿਤ ਸੋ ਤ੍ਰਿਯ ਦਈ ਬਤਾਇ ॥੪॥

**(ਰਾਇ:)** ਚੌਪਈ ॥ ਤਬੈ ਰਾਇ ਯੋ ਬਚਨ ਉਚਾਰੇ ॥ ਗਹਿ ਲ੍ਯਾਵਹੁ ਤਿਹ ਤੀਰ ਹਮਾਰੇ ॥ ਪਨੀ ਪਾਮਰੀ ਸੰਗ ਲੈ ਐਯਹੁ ॥ ਮੋਰਿ ਕਹੇ ਬਿਨ ਤ੍ਰਾਸ ਨ ਦੈਯਹੁ ॥੫॥

**(ਲੋਗ)** ਸੁਨਤ ਰਾਇ ਕੇ ਬਚਨ ਕੋ ਲੋਗ ਪਰੇ ਅਰਰਾਇ ॥ ਪਨੀ ਪਾਮਰੀ ਤ੍ਰਿਯ ਸਹਿਤ ਲ੍ਯਾਵਤ ਭਏ ਬਨਾਇ ॥੬॥

**(ਰਾਇ:)** ਅੜਿਲ ॥ **ਕਹੁ ਸੁੰਦਰਿ ਕਿਹ ਕਾਜ ਬਸਤ੍ਰ ਤੈਂ ਹਰੇ ਹਮਾਰੇ** ॥ **ਦੇਖ ਭਟਨ ਕੀ ਭੀਰਿ ਤ੍ਰਾਸ ਉਪਜ੍ਯੋ ਨਹ ਥਾਰੇ** ॥ ਜੋ ਚੋਰੀ ਜਨ ਕਰੈ ਕਹੌ ਤਾਕੋ ਕ੍ਯਾ ਕਰਿਯੈ ॥ ਹੋ ਨਾਰਿ ਜਾਨਿ ਕੈ ਟਰੌ ਨਤਰ ਜਿਯ ਤੇ ਤੁਹਿ ਮਰਿਯੈ ॥੭॥

**(ਨ੍ਰਿਪ ਕੁਅਰਿ:)** ਦੋਹਰਾ ॥ ਪਰ ਪਿਯਰੀ ਮੁਖ ਪਰ ਗਈ ਨੈਨ ਰਹੀ ਨਿਹੁਰਾਇ ॥ ਧਰਕ ਧਰਕ ਛਤਿਯਾ ਕਰੈ ਬਚਨ ਨ ਭਾਖਿਯੋ ਜਾਇ ॥੮॥

**(ਰਾਇ:)** ਅੜਿਲ ॥ ਹਮ ਪੂਛਹਿਗੇ ਯਾਹਿ ਨ ਤੁਮ ਕਛੁ ਭਾਖਿਯੋ ॥ ਯਾਹੀ ਕੋ ਘਰ ਮਾਂਹਿ ਭਲੀ ਬਿਧਿ ਰਾਖਯੋ ॥ **ਨਿਰਨੌ ਕਰਿ ਹੈਂ ਏਕ ਇਕਾਂਤ ਬੁਲਾਇਕੈ** ॥ ਹੋ ਤਬ ਦੇਹੈਂ ਇਹ ਜਾਨ ਹ੍ਰਿਦੈ ਸੁਖ ਪਾਇ ਕੈ ॥੯॥

ਚੌਪਈ ॥ ਪ੍ਰਾਤ ਭਯੋ ਤ੍ਰਿਯ ਬਹੁਰਿ ਬੁਲਾਈ ॥ ਸਕਲ ਕਥਾ ਕਹਿ ਤਾਂਹਿ ਸੁਨਾਈ ॥ ਤੁਮ ਕ੍ਰਿਪਿ ਹਮ ਪਰ ਚਰਿਤ ਬਨਾਯੋ ॥ ਹਮਹੂੰ ਤੁਮ ਕਹ ਚਰਿਤ ਦਿਖਾਯੋ ॥੧੦॥

ਤਾਕੋ ਭ੍ਰਾਤ ਬੰਦਿ ਤੇ ਛੋਰਯੋ ॥ **ਭਾਂਤਿ ਭਾਂਤਿ ਤਿਹ ਤ੍ਰਿਯਹਿ ਨਿਹੋਰਿਯੋ** ॥ ਬਹੁਰਿ ਐਸ ਜਿਯ ਕਬਹੂੰ ਨ ਧਰਿਯਹੁ ॥ **ਮੈ ਅਪਰਾਧ ਛਿਮਾਪਨ ਕਰਿਯਹੁ ॥੧੧॥**

ਦੋਹਰਾ ॥ **ਛਿਮਾ ਕਰਹੁ** ਅਬ ਮੈਂ **ਬਹੁਰਿ ਨ ਕਰਿਯਹੁ ਰਾਂਧਿ** ॥ **ਬੀਸ ਸਹੰਸਰ ਟਕਾ** ਤਿਸ ਦਈ **ਛਿਮਾਹੀ** ਬਾਂਧਿ ॥੧੨॥੧॥

## ਟਿਪਣੀ: - (ਚ੍ਰਿਤਰ ੨੩, ੮੪੩)

**ਰਾਇ ਆਪਣੇ ਭਰੇ ਦੀਵਾਨ 'ਚ: ਹੇਠ ਲਿਖੇ ਝੂਠ** ਬੋਲਦਾ ਹੈ ਅਤੇ ਵਾਅਦੇ ਕਰਦਾ ਹੈ॥ ਕਿ,

੧) ਮੇਰੀ ਜੁਤੀ ਅਤੇ ਰੇਸ਼ਮੀ ਚਾਦਰ ਕਿਸੇ ਨੇ ਚੋਰ ਕਰ ਲਈ ਹੈ ॥ (੩)
੨) ਹੇ ਸੋਹਣੀ ਜਨਾਨੀਏ (ਡਰੀ ਹੋਈ ਨ੍ਰਿਪ ਕੁਅਰੇ) ਦਸ; ਤੂੰ ਮੇਰੇ ਕਪੜੇ ਕਾਹਤੇ ਚੋਰੀ ਕੀਤੇ ? (੭)
੩) ਕੀ ਤੈਨੂੰ ਮੇਰੇ ਬੰਦਿਆਂ ਦੀ ਫੌਜ ਦੇਖ ਕੇ ਡਰ ਨਹੀ ਲਗਾ? (੭)
੪) (ਨ੍ਰਿਪ ਕੁਅਰੇ) ਤੇਰੇ ਭਰਾ ਨੂੰ (ਰਾਤ ਗਲਤ ਕੁਟ ਪੁਆਉਣ ਦੇ ਅਪਰਾਧ ਕਰਕੇ) ਮੈਨੂੰ ਮੁਆਫੀ ਦੇ। ਅਤੇ ਇਸ ਦੇ ਬਦਲੇ ਮੈ ਤੇਰੇ ਭਰਾ ਨੂੰ ਤਰਾਂ ਤਰਾਂ ਦੀਆਂ ਜਨਾਨੀਆਂ ਸਪਲਾਈ ਕਰੂੰਗਾ। (੧੧)
੫) ਮੈਨੂੰ ਮੁਆਫ ਕਰ। ਮੈਂ ਬਹੁਤ ਵੇਰੀ ਮੁਆਫੀ ਮੰਗ ਚੁਕਾ ਹਾਂ। ਮੈਂ ਤੈਨੂੰ ਹਰ ਛਿਆਂ ਮਹੀਨਿਆ ਬਾਦ ਵੀਹ ਹਜ਼ਾਰ ਟਕੇ (ਰੁਪਈਏ) ਦਿਆ ਕਰਾਂਗਾ। (੧੨)